# ਸਤਿਸੰਗ

# ਗੁਰਬਾਣੀ ਉਪਮਾ

**॥ ਰਾਗੁ ਬਿਹਾਗੜਾ ਮਹਲਾ ੪॥(ਅੰਗ 538)**

**ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ**

**ਅੰਮ੍ਰਿਤੁ ਗੁਰਮਤਿ ਪਾਏ ਰਾਮ॥**

ਹਰ ਦਫਾ ਗੁਰਬਾਣੀ ਦਾ ਯਸ਼ ਕਰਨ ਲੱਗਿਆਂ ਇਹੋ ਬੇਨਤੀ ਕਰੀਦੀ ਹੈ ਕਿ ਅਸੀਂ ਕੋਈ ਗੁਰੂ, ਪੀਰ, ਪੈਗੰਬਰ, ਔਲੀਏ, ਸਾਧੂ ਬਣ ਕੇ ਯਸ਼ ਨਹੀਂ ਕਰਦੇ ਬਲਕਿ ਹਜ਼ੂਰ ਦੀ ਬਾਣੀ ਦੇ ਕੂਕਰ-ਮਰਾਸੀ ਬਣ ਕੇ ਮਾਲਕ ਦਾ ਯਸ਼ ਕਰੀਦਾ ਹੈ ਅਤੇ ਹਰ ਵਕਤ ਇਹੋ ਬੇਨਤੀ ਕਰੀਦੀ ਹੈ ਸੱਚੇ ਪਾਤਿਸ਼ਾਹੋ! ਜਿੰਨਾਂ ਚਿਰ ਇਸ ਤਨ ਅੰਦਰ ਸੁਆਸ ਹਨ ਕਿਰਪਾ ਕਰਕੇ ਇਸੇ ਹੀ ਤਰ੍ਹਾਂ ਆਪਣਾ ਯਸ਼ ਕਰਾਉਂਦੇ ਰਹਿਣਾ। ਦੂਸਰੀ ਬੇਨਤੀ, ਹਰ ਦਫਾ, ਆਈ ਸੰਗਤ ਅੱਗੇ ਕਰੀਦੀ ਹੈ ਕਿ ਦੁਨੀਆਂ ਉੱਤੇ ਕੋਈ ਦੇਹਧਾਰੀ ਗੁਰੂ ਨਹੀਂ ਹੈ। ਪੂਰਨ ਸੰਤਾਂ ਦੇ ਉਚਾਰਨ ਕੀਤੇ ਮਹਾਂਵਾਕ (ਗੁਰਬਾਣੀ) ਹੀ ਗੁਰੂ ਹੈ ਜਿਸ ਪ੍ਰਥਾਇ ਹਜ਼ੂਰ ਪੰਜਵੇਂ ਪਾਤਿਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਸਤਿਗੁਰੂ, ਹਜ਼ੂਰ ਚੌਥੇ ਪਾਤਿਸ਼ਾਹ, ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸੋਢੀ ਸੁਲਤਾਨ ਦੇ ਉਚਾਰਨ ਕੀਤੇ ਮਹਾਂਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਕਰ ਕੇ ਇਹ ਨਿਰਨਾ ਹੀ ਕਰ ਦਿੱਤਾ ਹੈ ਕਿ

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*

*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*

*(ਅੰਗ 982)*

ਜੋ ਪ੍ਰਾਣੀ ਗੁਰਬਾਣੀ ਦੇ ਬਚਨਾਂ ਨੂੰ ਸਤਿ ਕਰ ਕੇ ਮੰਨਦਾ ਹੈ, ਗੁਰਬਾਣੀ ਉਸਦਾ ਮਿਲਾਪ ਪਰਤੱਖ ਤਾਕਤ ਨਾਲ ਕਰਾ ਦਿੰਦੀ ਹੈ। ਪਰ ਇਸ ਭੇਦ ਦੀ ਪ੍ਰਾਪਤੀ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ?

ਜਦੋਂ ਅਸੀਂ ਖੁਦ ਪਾਠ ਕਰਦੇ ਹਾਂ ਜਾਂ ਪਾਠ, ਅਖੰਡਪਾਠ ਕਰਾਉਂਦੇ ਹਾਂ ਤਾਂ ਉਸ ਪਾਠ/ਅਖੰਡਪਾਠ ਦੇ ਭੋਗ ਉਪ੍ਰੰਤ ਜੋ ਗੁਰਵਾਕ (ਹੁਕਮਨਾਮਾ) ਆਉਂਦਾ ਹੈ ਉਹ ਸਾਡੇ ਲਈ ਗੁਰੂ ਦਾ ਹੁਕਮ ਹੁੰਦਾ ਹੈ। ਇਸ ਬਾਰੇ ਵੀ ਹਜ਼ੂਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਵਾਕ ਦਰਜ ਕਰ ਕੇ ਨਿਰਨਾ ਕੀਤਾ ਹੋਇਆ ਹੈ

*ਗੁਰ ਵਾਕੁ ਨਿਰਮਲੁ ਸਦਾ ਚਾਨਣੁ*

*ਨਿਤ ਸਾਚੁ ਤੀਰਥੁ ਮਜਨਾ ॥ (ਅੰਗ 687)*

ਕਿ ਸਹਿਜ ਅਵਸਥਾ ਵਿਚ ਆਇਆ ਹੁਕਮਨਾਮਾ ਸਾਰੀ ਕਾਇਨਾਤ ਵਾਸਤੇ ਚਾਨਣ ਮੁਨਾਰਾ ਹੁੰਦਾ ਹੈ ਅਤੇ ਸਾਡੇ ਕਰਮਾਂ ਦੀ ਮੈਲ ਸਾਫ਼ ਕਰਨ ਵਾਸਤੇ ਮੱਜਨ ਦਾ ਕੰਮ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰਹਿਣੀ ਉਸ ਹੁਕਮਨਾਮੇ ਅਨੁਸਾਰ ਬਣਾਉਣੀ ਚਾਹੀਦੀ ਹੈ।

ਐੱਸ.ਜੀ.ਐੱਲ. ਜਨ ਸੇਵਾ ਕੇਂਦਰ ਗੜ੍ਹਾ ਜਲੰਧਰ ਦੇ ਫਾਉਂਡਰ ਚੇਅਰਮੈਨ ਦਾਸ ਬਾਬਾ ਕਸ਼ਮੀਰਾ ਸਿੰਘ ਨੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਪਰਿਵਾਰਾਂ ਨਾਲ ਮਿਲ ਕੇ ਪੂਰਨ ਸੰਤ ਸਤਿਗੁਰੂ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਧਿਆਨਪੁਰ ਵਾਲਿਆਂ ਦੇ 96 ਵੇਂ ਅਤੇ ਪੂਰਨ ਸੰਤ ਸਤਿਗੁਰੂ ਬਾਬਾ ਦੇਵਾ ਸਿੰਘ ਜੀ ਮਹਾਰਾਜ ਤਰਨਤਾਰਨ ਵਾਲਿਆਂ ਦੇ 129 ਵੇਂ ਅਵਤਾਰ ਦਿਵਸ ਦੀਆਂ ਖੁਸ਼ੀਆਂ ਲੈਂਦੇ ਹੋਏ ਧੁਰ ਕੀ ਬਾਣੀ ਦਾ ਆਸਰਾ ਲੈਂਦਿਆਂ ਪਰਸੋਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਸ਼ੁਰੂ ਕਰਵਾਇਆ ਸੀ ਜਿਸ ਦਾ ਹਜ਼ੂਰ ਦੀ ਕਿਰਪਾ ਸਦਕਾ ਅੱਜ ਨਿਰਵਿਘਨਤਾ ਸਹਿਤ ਭੋਗ ਪਾਇਆ ਗਿਆ ਹੈ।

ਇੱਥੇ ਆਈ ਸਾਰੀ ਸੰਗਤ ਨੂੰ ਦੇਸ਼ ਵਿਦੇਸ਼ ਦੀ ਸੰਗਤ ਨੂੰ ਪੂਰਨ ਸੰਤ ਸਤਿਗੁਰੂ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਅਤੇ ਬਾਬਾ ਦੇਵਾ ਸਿੰਘ ਜੀ ਮਹਾਰਾਜ ਦੇ ਅਵਤਾਰ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ ਹੋਣ। ਜਿਸ ਦਿਨ ਪੂਰਨ ਸੰਤ ਦੁਨੀਆਂ ਵਿੱਚ ਅਵਤਾਰ ਲੈਂਦੇ ਹਨ ਉਹ ਦਿਨ ਭਾਗਾਂ ਵਾਲਾ ਹੁੰਦਾ ਹੈ। ਉਸ ਦਿਨ ਦੁਨੀਆਂ ਉੱਪਰ ਖਾਸ ਰਹਿਮਤ ਬਰਸ ਰਹੀ ਹੁੰਦੀ ਹੈ। ਸੋਈ ਜਿਹੜੀ ਵੀ ਸੰਗਤ ਨੇ ਅਖੰਡ ਪਾਠ ਵਿੱਚ ਸੇਵਾ ਪਾਈ ਹੈ ਹਜ਼ੂਰ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

ਭੋਗ ਉਪਰੰਤ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੇ ਉਚਾਰਨ ਕੀਤੇ ਮਹਾਂਵਾਕ ਵਿਚੋਂ ਹੁਕਮਨਾਮਾ ਆਇਆ ਹੈ। ਹਜ਼ੂਰ ਇਸ ਹੁਕਮਨਾਮੇ ਵਿੱਚ ਜੋ ਭੇਦ ਬਖਸ਼ ਰਹੇ ਹਨ ਉਸ ਨੂੰ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ, ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਐ ਦੁਨੀਆਂ ਵਾਲਿਓ! ਆਮ ਕਰਕੇ ਬਹੁਤ ਸਾਰੀਆਂ ਪ੍ਰੰਪਰਾਵਾਂ ਚੱਲ ਪਈਆਂ ਹਨ ਕਿ ਮੁਸਲਮਾਨ ਮੱਤ ਵਾਲੇ ਮੱਕਾ ਤੋਂ ਆਬ-ਏ-ਹਯਾਤ ਲਿਆਉਂਦੇ ਹਨ। ਹਿੰਦੂ ਮੱਤ ਵਾਲੇ ਹਰਿਦੁਆਰ, ਕਾਸ਼ੀ, ਮਥੁਰਾ, ਬੋਧ ਗਯਾ ਤਥਾ ਸਿੱਖ ਮੱਤ ਵਾਲੇ ਸ੍ਰੀ ਦਰਬਾਰ ਸਾਹਿਬ ਤੋਂ ਜਲ ਦੀਆਂ ਬੋਤਲਾਂ ਭਰ ਕੇ ਲਿਆਉਂਦੇ ਹਨ। ਹਰ ਥਾਂ 'ਤੋਂ ਵੱਖਰੀ ਵੱਖਰੀ ਪ੍ਰੰਪਰਾ ਅਨੁਸਾਰ ਲਿਆਂਦੇ ਗਏ ਜਲ ਨੂੰ ਅੰਮ੍ਰਿਤ ਕਹਿੰਦੇ ਹਨ। ਲੇਕਿਨ ਜਦੋਂ ਗੁਰਬਾਣੀ ਦੀ ਰਚਨਾ ਹੋਈ ਉਦੋਂ ਅਜੇ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਅੰਮ੍ਰਿਤ ਨਹੀਂ ਛਕਾਇਆ ਸੀ। ਹਜ਼ੂਰ ਚੌਥੇ ਪਾਤਿਸ਼ਾਹ ਜੀ ਫੁਰਮਾਉਂਦੇ ਹਨ ਕਿ ਅਸਲੀ ਅੰਮ੍ਰਿਤ ਹਰੀ ਦੇ ਨਾਮ ਦਾ ਜਾਪ, ਸਿਮਰਨ, ਬੰਦਗੀ ਕਰਨਾ ਹੈ।

ਸਾਨੂੰ ਕਈ ਵਾਰ ਸੰਗਤ ਦੇ ਜੀਵ ਆ ਕੇ ਕਹਿੰਦੇ ਹਨ ਕਿ ਅਸੀਂ ਸਤਿਸੰਗ ਸੁਣਦੇ ਹਾਂ ਪਰ ਸਾਡੇ ਉੱਪਰ ਬਖਸ਼ਿਸ਼ ਨਹੀਂ ਹੁੰਦੀ ਜਾਂ ਸਾਡੇ ਘਰ ਕੋਈ ਵਾਕਿਆ ਕਿਉਂ ਵਾਪਰਦਾ ਹੈ? ਤੁਹਾਨੂੰ ਬਹੁਤ ਵਾਰ ਦੱਸਿਆ ਹੈ ਕਿ

*ਮਾਂ ਸੁਹਾਗਣ ਮਾਂ ਸੁਖੀ, ਧੀ ਸੁਹਾਗਣ ਧੀ ਸੁਖੀ।*

ਤਥਾ

*ਸਾਚ ਕਹੂੰ ਸੁਨ ਲੇਹ ਸਭੀ ਜਿਨਿ ਪ੍ਰੇਮ ਕੀਓ*
*ਤਿਨਿ ਹੀ ਪ੍ਰਭ ਪਾਇਓ।*

ਜੋ ਜੀਵ ਸੁਆਸਾਂ ਦਾ ਦਸਵੰਧ ਕੱਢਦਾ ਹੈ ਵੀਹ ਘੰਟਿਆਂ ਵਿਚੋਂ ਦੋ ਘੰਟੇ ਅਤੇ ਚਾਰ ਘੰਟਿਆਂ ਵਿਚੋਂ ਚੌਵੀ ਮਿੰਟ ਜੋ ਪ੍ਰਾਣੀ ਦੋ ਘੰਟੇ ਚੌਵੀ ਮਿੰਟ ਸਿਮਰਨ ਕਰਦਾ ਹੈ ਉਹ ਸੱਚਾ ਦਸਵੰਧ ਕੱਢਦਾ ਹੈ। ਅਗਰ ਤੁਹਾਡੇ ਕੋਲੋਂ ਜਿਆਦਾ ਸਿਮਰਨ ਨਹੀਂ ਕੀਤਾ ਜਾਂਦਾ ਤਦ ਵੀ ਸੰਤਾਂ ਨੇ ਗੁਰਬਾਣੀ ਵਿੱਚ ਛੋਟ ਦਿੱਤੀ ਹੈ ਕਿ ਅਗਰ ਤੁਸੀਂ ਕਾਰੋਬਾਰ ਕਰਦੇ ਹੋ ਜਾਂ ਡਿਊਟੀ ਕਰਨੀ ਪੈ ਰਹੀ ਹੈ ਤਦ

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥*
*(ਅੰਗ 1377)*

ਇੱਕ ਘੜੀ ਚੌਵੀ ਮਿੰਟ, ਅੱਧੀ ਘੜੀ ਬਾਰਾਂ ਮਿੰਟ, ਅੱਧੀ ਤੋਂ ਅੱਧੀ ਛੇ ਮਿੰਟ ਸਿਮਰਨ ਜਰੂਰ ਕਰੋ। ਸੰਤਾਂ ਨੇ ਸਾਨੂੰ ਉਪਦੇਸ਼ ਦੇ ਕੇ ਇਕ ਦਾਤ ਦਿੱਤੀ ਹੈ, ਭੇਦ ਦੱਸਿਆ ਹੈ ਕਿ ਸਿਮਰਨ ਕਰੋ। ਅਗਰ ਕੋਈ ਪ੍ਰਾਣੀ ਸਿਮਰਨ ਨਾ ਕਰਕੇ ਸ਼ਰਾਬਾਂ ਕਬਾਬਾਂ ਦੀ ਵਰਤੋਂ ਕਰਦਾ ਹੈ, ਨਸ਼ੇ ਕਰਦਾ ਹੈ, ਪਾਨ ਸੁਪਾਰੀ ਖਾਂਦਾ ਹੈ

*ਪਾਨ ਸੁਪਾਰੀ ਖਾਤੀਆ*
*ਮੁਖਿ ਬੀੜੀਆ ਲਾਈਆ॥*
*ਹਰਿ ਹਰਿ ਕਦੇ ਨ ਚੇਤਿਓ*
*ਜਮਿ ਪਕੜਿ ਚਲਾਈਆ॥੧੩॥ (ਅੰਗ 726)*

ਜੋ ਜੀਵ ਐਸੀਆਂ ਚੀਜਾਂ ਖਾਂਦਾ ਪੀਂਦਾ ਹੈ ਉਸ ਉੱਪਰ ਗੁਰਬਾਣੀ ਬਖਸ਼ਿਸ਼ ਨਹੀਂ ਕਰਦੀ। ਕਿਉਂਕਿ ਹਜ਼ੂਰ ਦਸਵੇਂ ਪਾਤਿਸ਼ਾਹ ਜੀ ਦੇ ਬਚਨ ਹਨ ਕਿ

*ਰਹਿਣੀ ਰਹੇ ਸੋ ਸਿਖ ਮੇਰਾ।*
*ਵੋਹ ਸਾਹਿਬ ਮੈਂ ਉਸਕਾ ਚੇਰਾ।*

ਤਥਾ

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ।*

ਹਜ਼ੂਰ ਫੁਰਮਾਉਂਦੇ ਹਨ ਕਿ ਉਸ ਅਕਾਲ ਪੁਰਖ ਵਾਹਿਗੁਰੂ, ਅੱਲਾਹ, ਗਾਡ, ਰਾਮ ਦਾ ਸਿਮਰਨ ਕਰਨਾ ਹੀ ਸੱਚਾ ਅੰਮ੍ਰਿਤ ਹੈ। ਪਰ ਉਹ ਜਾਪ ਅਤੇ ਸਿਮਰਨ ਗੁਰੂ ਦੀ ਮੱਤ ਲੈ ਕੇ ਕੀਤਾ ਜਾਵੇ। ਗੁਰਬਾਣੀ ਵਿੱਚ ਦਰਜ ਹੈ ਕਿ

*ਗੁਰ ਕੀ ਮਤਿ ਤੂੰ ਲੇਹਿ ਇਆਨੇ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ॥ (ਅੰਗ 288)*

ਗੁਰਬਾਣੀ ਵਿੱਚ ਇਹ ਵੀ ਦਰਜ ਹੈ ਕਿ

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ॥ (ਅੰਗ 634)

ਅਗਰ ਅਸੀਂ ਸਿਮਰਨ ਵੀ ਕਰਦੇ ਹਾਂ, ਕਬਰਾਂ, ਸਮਾਧਾਂ 'ਤੇ ਮੱਥੇ ਵੀ ਟੇਕਦੇ ਹਾਂ, ਅਵੱਗਿਆ ਵੀ ਕਰਦੇ ਹਾਂ ਤਦ ਵੀ ਬਖਸ਼ਿਸ਼ ਨਹੀਂ ਹੁੰਦੀ। ਇਸ ਕਰਕੇ ਤੁਸੀਂ ਅਵੱਗਿਆ ਨਾ ਕਰਕੇ ਸੰਤਾਂ ਦੁਆਰਾ ਦਿੱਤੇ ਹੋਏ ਉਪਦੇਸ਼ ਦਾ ਜਾਪ ਕਰੋ ਅਤੇ ਨਾਲ ਦੀ ਨਾਲ ਗੁਰਬਾਣੀ ਦੇ ਆਦੇਸ਼ ਅਨੁਸਾਰ

*ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ*
*ਕਹੁ ਨਾਨਕ ਪੂਰਾ ਪਾਇਆ॥ (ਅੰਗ 1040)*

*ਮੂਲ ਮੰਤ੍ਰ ਦਾ ਪਾਠ ਵੀ ਕਰੋ। ਜੋ ਜੀਵ ਮੂਲ ਮੰਤ੍ਰ*
*੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*

*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ (ਅੰਗ 1)*

ਦਾ ਪਾਠ ਕਰਦੇ ਹਨ ਉਹਨਾਂ ਨੂੰ ਵੀ ਪੂਰਨ ਤਾਕਤ ਦਰਸ਼ਨ ਦੇ ਕੇ ਕਹਿੰਦੀ ਹੈ ਕਿ ਤੂੰ ਆਪਣਾ ਕੰਮ ਇੱਦਾ ਕਰ ਲੈ। ਅਗਰ ਕਿਸੇ ਜੀਵ ਨੂੰ ਕੋਈ ਸ਼ੰਕਾ ਹੈ ਤਦ ਉਹ ਮੂਲ ਮੰਤ੍ਰ ਦਾ ਪਾਠ, ਜਾਪ ਕਰਕੇ ਬੇਨਤੀ ਕਰੇ ਕਿ ਮੈਨੂੰ ਇਸ ਦੁਬਿਧਾ 'ਚੋਂ ਕੱਢੋ, ਮੈਂ ਇਸ ਵਕਤ ਉਲਝਣ ਵਿੱਚ ਹਾਂ।

ਹਰ ਜੀਵ ਉੱਪਰ ਉਲਝਣਾਂ ਅਤੇ ਮੁਸ਼ਕਲਾਂ ਆਉਂਦੀਆਂ ਹਨ। ਇਹ ਜੀਵਨ ਇੱਕ ਨਦੀ ਸਮਾਨ ਹੈ। ਦੁਖ ਅਤੇ ਸੁਖ ਇਸ ਦੇ ਦੋ ਕਿਨਾਰੇ ਰਹਿਣੇ ਹੀ ਹਨ। ਸੰਕਟ ਦੀ ਘੜੀ ਵੀ ਆਉਂਦੀ ਹੈ। ਉਸ ਵਕਤ ਸਿਰਫ਼ ਗੁਰਬਾਣੀ ਦਾ ਸਹਾਰਾ ਲੈ ਕੇ ਸਿਮਰਨ ਕਰਕੇ ਹੀ ਜੀਵ ਉਸ ਸੰਕਟ ਵਿਚੋਂ ਬਾਹਰ ਨਿਕਲ ਸਕਦਾ ਹੈ।

**ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ**
**ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥**

ਜੋ ਧੀਆਂ, ਪੁੱਤਰ, ਮਹਿਲ, ਮਾੜੀਆਂ, ਜਮੀਨਾਂ, ਜਾਇਦਾਦਾਂ, ਰਾਜ ਭਾਗ, ਮਨਿਸਟਰੀਆਂ, ਅਹੁਦੇ ਆਦਿ ਹਨ ਉਹ ਸਭ ਮਾਇਆ ਹੈ। ਜਦੋਂ ਕਿਸੇ ਕੋਲ ਇਹ ਚੀਜਾਂ ਆਉਂਦੀਆਂ ਹਨ ਤਦ ਉਸ ਨੂੰ ਮਾਣ ਆਉਂਦਾ ਹੈ ਕਿ ਮੈਂ ਐਨੀ ਜਮੀਨ, ਜਾਇਦਾਦ, ਧਨ, ਦੌਲਤ, ਰਾਜ, ਭਾਗ ਦਾ ਮਾਲਿਕ ਬਣ ਗਿਆ ਹਾਂ। ਐਸੀ ਹਉਮੈ ਆਉਣ ਕਰਕੇ ਉਸ ਦਾ ਸਭ ਕੁਝ ਖਤਮ ਹੋ ਜਾਂਦਾ ਹੈ। ਇਸ ਹਉਮੈ ਤੋਂ ਬਚਣ ਵਾਸਤੇ ਅਗਰ ਅਸੀਂ ਗੁਰਬਾਣੀ ਦਾ ਸਿਮਰਨ ਕਰਾਂਗੇ ਤਦ ਹਉਮੈ ਦੀ ਜਹਿਰ ਲੱਥ ਜਾਂਦੀ ਹੈ। ਜਦੋਂ ਤੱਕ ਇਨਸਾਨ ਵਿੱਚ ਹਉਮੈ ਨਹੀਂ ਆਉਂਦੀ ਤਦ ਤੱਕ ਉਸ ਉੱਪਰ ਐਕਸ਼ਨ ਨਹੀਂ ਹੁੰਦਾ।

**ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ**
**ਹਰਿ ਹਰਿ ਨਾਮੁ ਧਿਆਏ ਰਾਮ॥**

ਕਈ ਵਾਰ ਜੀਵ ਦਾ ਮਨ ਰੁੱਖਾ ਸੁੱਖਾ ਹੋ ਜਾਂਦਾ ਹੈ ਕਿ ਮੈਨੂੰ ਸਤਿਸੰਗ ਸੁਣਨ ਦਾ ਕੀ ਫਾਇਦਾ ਮਿਲਿਆ ਜਾਂ ਮੈਂ ਐਨੇ ਪਾਠ ਅਤੇ ਸਤਿਸੰਗ ਕਰਵਾਏ ਹਨ ਫੇਰ ਉਹਨਾਂ ਦਾ ਕੀ ਲਾਭ ਹੋਇਆ ਹੈ? ਸਭ ਨੂੰ ਚਾਹੀਦਾ ਹੈ ਕਿ ਮਾਲਿਕ ਕੋਲ ਬੇਨਤੀ ਕਰਨ ਕਿ ਸੱਚੇ ਪਾਤਿਸ਼ਾਹੋ! ਮੇਰੇ ਕਰਮ ਦੱਸੋ। ਮੈਂ ਸਭ ਕੁਝ ਕਰਦਾ ਹਾਂ ਫੇਰ ਵੀ ਮੇਰੇ ਉੱਪਰ ਐਨੇ ਐਕਸ਼ਨ ਕਿਉਂ ਹੋ ਰਹੇ ਹਨ? ਫੇਰ ਜਦੋਂ ਜੀਵ ਸਿਮਰਨ ਕਰਕੇ ਬੇਨਤੀ ਕਰਕੇ ਸਭ ਕੁਝ ਦੇਖ ਲਵੇਗਾ ਉਸ ਦਾ ਸੁੱਕਾ ਮਨ ਫੇਰ ਤੋਂ ਹਰਿਆ ਹੋ ਜਾਵੇਗਾ। ਬਹੁਤ ਸਾਰੀ ਸੰਗਤ ਨੂੰ ਜਦੋਂ ਮਹਾਰਾਜ ਜੀ ਦਿਖਾ ਦਿੰਦੇ ਹਨ ਫੇਰ ਉਹਨਾਂ ਨੂੰ ਕੋਈ ਗਿਲਾ ਨਹੀਂ ਰਹਿੰਦਾ। ਸੰਗਤ ਸਾਨੂੰ ਇਸ ਬਾਰੇ ਆ ਕੇ ਦੱਸ ਦੀ ਵੀ ਹੈ। ਸਾਨੂੰ ਪਤਾ ਨਹੀਂ ਹੈ ਕਿ ਪਿਛਲੇ ਜਨਮ ਵਿੱਚ ਹਉਮੈ ਵਿੱਚ ਆ ਕੇ ਅਸੀਂ ਕਿੰਨੀਆਂ ਗਲਤੀਆਂ ਅਤੇ ਅਵੱਗਿਆ ਕੀਤੀਆਂ ਹਨ ਅਤੇ ਸਾਨੂੰ ਉਹਨਾਂ ਦਾ ਫਲ ਭੋਗਣਾ ਪੈਣਾ ਹੈ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਅੰਗ 134)*

ਤਥਾ.

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥੨॥ (ਅੰਗ 204)*

ਅੱਛੇ ਘਰ ਜਨਮ ਲੈਣਾ, ਅੱਛੀ ਸੁਸਾਇਟੀ ਮਿਲਣੀ, ਅੱਛੇ ਪਰਿਵਾਰ ਮਿਲਣੇ ਜੋ ਬੰਦਗੀ ਕਰਦੇ ਹੋਣ ਇਹ ਸਾਡੀ ਪਿਛਲੇ ਜਨਮਾਂ ਦੀ ਭਗਤੀ ਸਦਕਾ ਹੁੰਦਾ ਹੈ। ਵਰਨਾ ਬਹੁਤ ਸਾਰੇ ਜੀਵਾਂ ਦਾ ਟੂਣਿਆਂ, ਮੰਤਰਾਂ, ਕਬਰਾਂ, ਸਮਾਧਾ ਨੂੰ ਮੰਨਣ ਵਾਲਿਆਂ ਦੇ ਘਰ ਜਨਮ ਹੁੰਦਾ ਹੈ। ਮਰਨ ਤੋਂ ਬਾਦ ਕਿਸੇ ਨੇ ਵੀ ਦੱਸਣ ਨਹੀਂ ਆਉਣਾ ਕਿ ਮੈਂ ਬਖਸ਼ਿਆ ਗਿਆ ਹਾਂ ਜਾਂ ਨਹੀਂ, ਮੈਂ ਸਵਰਗਾਂ ਵਿੱਚ ਜਾਂ ਨਰਕਾਂ ਵਿੱਚ ਗਿਆ ਹਾਂ, ਮੇਰੀ ਮੁਕਤੀ ਹੋਈ ਹੈ ਜਾਂ ਨਹੀਂ। ਸਿਮਰਨ ਕਰਕੇ ਮਾਲਿਕ ਕੋਲੋਂ ਭੇਦ ਪੁੱਛ ਲਵੋ ਕਿ ਸੱਚੇ ਪਾਤਿਸ਼ਾਹੋ! ਮੈਂ ਡਾਵਾਂ ਡੋਲ ਹਾਂ, ਮੇਰਾ ਮਨ ਸੁੱਕਾ ਪਿਆ ਹੈ, ਮੈਨੂੰ ਮੇਰਾ ਕਰਮ ਦਿਖਾ ਦਿਓ। ਇੰਝ ਬੜੇ ਰਾਜਿਆਂ ਨੇ ਆਪਣੇ ਆਪ ਨੂੰ ਸੁਪਨੇ ਵਿੱਚ ਭਿਖਾਰੀ ਬਣੇ ਦੇਖਿਆ।

ਅਸੀਂ ਆਪਣੇ ਨਾਲ ਵਾਪਰੀ ਘਟਨਾ ਦੱਸ ਦਿੰਦੇ ਹਾਂ ਕਿ ਕੁਝ ਦਿਨਾਂ ਤੋਂ ਅਸੀਂ ਰੋਜ਼ਾਨਾ ਪਰਚੇ ਵਿੱਚ ਆਪਣਾ ਵਿਆਹ ਦੇਖ ਰਹੇ ਸੀ। ਅਸੀਂ ਸਿਮਰਨ ਕਰਦੇ ਰਹੇ ਕਿਉਂਕਿ

*ਦੁਖ ਮੇਂ ਸਿਮਰਨ ਸਭ ਕਰੇਂ ਸੁਖ ਮੇਂ ਕਰੇ ਨਾ ਕੋਇ।*
*ਜੇ ਸੁਖ ਮੇਂ ਸਿਮਰਨ ਕਰੇ ਤਾ ਦੁਖ ਕਾਹੇ ਹੋਇ।*

ਅਸੀਂ ਸਿਮਰਨ ਕਰਦੇ ਰਹੇ ਅਤੇ ਬੇਨਤੀਆਂ ਕਰਦੇ ਰਹੇ ਤਦ ਮਾਲਿਕ ਨੇ ਸਾਨੂੰ ਦਿਖਾਇਆ ਕਿ ਬਹੁਤ ਸਾਰੇ ਪਹਾੜ ਹਨ ਉਹਨਾਂ ਵਿੱਚ ਪਾਣੀ ਡਿੱਗ ਰਿਹਾ ਹੈ। ਅਸੀਂ ਉਸ ਪਾਣੀ ਵਿੱਚ ਫਸੇ ਹੋਏ ਹਾਂ ਅਤੇ ਲੋਕ ਦੇਖ ਰਹੇ ਹਨ ਕਿ ਦੇਖੀਏ ਇਸ ਦਾ ਕੀ ਬਣਦਾ ਹੈ? ਅਸੀਂ ਮਾਲਿਕ ਦਾ ਨਾਮ ਲੈ ਕੇ ਯਤਨ ਕੀਤਾ ਅਤੇ ਸਾਡੀ ਆਤਮਾ ਉਸ ਪਾਣੀ ਦੇ ਵੱਡੇ ਤੂਫਾਨ ਵਿਚੋਂ ਨਿਕਲ ਕੇ ਉੱਚੇ ਪਹਾੜ ਤੇ ਚੜ੍ਹ ਗਈ। ਜਦੋਂ ਅਸੀਂ ਉੱਪਰ ਪਹੁੰਚੇ ਤਾਂ ਜਿੰਨੇ ਵੀ ਤਮਾਸ਼ਬੀਨ ਲੋਕ ਸਨ ਉਹ ਸਾਰੇ ਭੱਜ ਗਏ ਗਾਇਬ ਹੋ ਗਏ ਕਿ ਇਸ ਨੂੰ ਐਸੇ ਥਾਂ ਸੁੱਟਿਆ ਸੀ ਇਹ ਬਚ ਨਹੀਂ ਸਕਦਾ ਸੀ, ਇਹ ਕਿੱਦਾਂ ਬਚ ਗਿਆ? ਉਹ ਆਪਣੇ ਆਪ

ਉਥੋਂ ਭੱਜ ਗਏ। ਉਸ ਦਿਨ ਸਾਨੂੰ ਵਿਸ਼ਵਾਸ਼ ਹੋ ਗਿਆ ਕਿ ਸਾਡੇ ਉੱਪਰ ਜੋ ਕਰਮ ਚੱਲ ਰਿਹਾ ਸੀ ਮਾਲਿਕ ਨੇ ਉਸ ਨੂੰ ਖਤਮ ਕਰਕੇ ਤਮਾਸ਼ਬੀਨਾਂ ਦਾ ਮੂੰਹ ਕਾਲਾ ਕੀਤਾ ਹੈ। ਹੁਣ ਉਹਨਾਂ ਨੂੰ ਮੂੰਹ ਦੀ ਖਾਣੀ ਪਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਅਸੀਂ ਉਹੋ ਗੱਲ ਦੱਸਦੇ ਹਾਂ ਜੋ ਅਸੀਂ ਆਪਣੇ ਉੱਪਰ ਘਟਾਈ ਹੈ ਜਾਂ ਜੋ ਸੰਗਤ ਨਾਲ ਵਾਪਰੀ ਅਤੇ ਉਹਨਾਂ ਨੇ ਸਾਨੂੰ ਆ ਕੇ ਦੱਸਿਆ ਹੈ। ਅਸੀਂ ਕੋਈ ਵੀ ਗੱਲ ਵੱਧ ਘੱਟ ਨਹੀਂ ਦੱਸਦੇ। ਮਾਲਿਕ ਸਾਨੂੰ ਅੱਜ ਜੋ ਦਿਖਾਉਂਦੇ ਹਨ ਅਸੀਂ ਤੁਹਾਨੂੰ ਉਹ ਦੱਸ ਦਿੰਦੇ ਹਾਂ। ਫੇਰ ਕੱਲ ਨੂੰ ਜੋ ਦਿਖਾਉਣਗੇ ਉਹ ਵਿਆਖਿਆ ਕਰ ਦਿਆਂਗੇ। ਇਹ ਠੀਕ ਹੈ ਕਿ ਹਰ ਜੀਵ ਦੀ ਪਤਨੀ ਉਸ ਦੀ ਲੰਮੀ ਉਮਰ ਬਾਰੇ ਅਰਦਾਸਾਂ ਕਰਦੀ ਹੈ। ਪਰ ਅਸੀਂ ਜਿਸ ਦਿਨ ਤੋਂ ਠੀਕ ਨਹੀਂ ਸੀ ਅਸੀਂ ਆਪਣੀ ਪਤਨੀ ਮਹਿੰਦਰ ਕੌਰ ਦੇ ਚਿਹਰੇ ਉੱਪਰ ਉਸ ਦਿਨ ਤੋਂ ਰੋਸ਼ਨੀ ਨਹੀਂ ਦੇਖੀ ਸੀ।

ਸਾਰੀ ਸੰਗਤ ਚਾਹੁੰਦੀ ਹੈ ਕਿ ਬਾਬਾ ਜੀ ਸਾਡੇ ਉੱਪਰ ਦ੍ਰਿਸ਼ਟੀ ਪਾਉਣ।

*ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥*
*ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥੬੧॥*

*(ਅੰਗ 1381)*

ਅੱਜ ਅਸੀ ਜਦੋਂ ਅਖੰਡ ਪਾਠ ਦਾ ਭੋਗ ਪਾ ਕੇ ਤੁਰੇ ਤਾਂ ਅਸੀਂ ਇੱਛਾ ਜਾਹਿਰ ਕੀਤੀ ਕਿ ਅਸੀਂ ਪਿਛਲੇ ਦਰਵਾਜੇ ਰਾਹੀਂ ਨਹੀਂ ਜਾਣਾ। ਜਿਹੜੇ ਜੀਵ ਉਸ ਵਕਤ ਉਥੇ ਨਹੀਂ ਸਨ ਉਹਨਾਂ ਨੂੰ ਵੀ ਅਤੇ ਵਿਦੇਸ਼ਾਂ ਵਾਲਿਆਂ ਨੂੰ ਵੀ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਇਹ ਇੱਛਾ ਇਸ ਕਰਕੇ ਜਾਹਿਰ ਕੀਤੀ ਤਾਂ ਕਿ ਸੰਗਤ ਸਾਡੇ ਉੱਪਰ ਦ੍ਰਿਸ਼ਟੀ ਪਾਵੇ, ਸੰਗਤ ਮਾਲਿਕ ਕੋਲ ਬੇਨਤੀ ਕਰੇ ਤਾਂਕਿ ਸਾਡੀ ਜੋ ਕੋਈ ਅਵੱਗਿਆ ਹੈ ਜਾਂ ਜੋ ਵੀ ਨੀਚ ਕਰਮ ਹੈ ਮਾਲਿਕ ਉਹ ਠੀਕ ਕਰ ਦੇਣ।

*ਸਾਧ ਜੋ ਨਿਵੈ ਸਿਖ ਕਉ ਗੁਰੂ ਕਹਾਵੈ ਸੋਇ॥*

ਅਸੀਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਦੀ ਮਿਸਾਲ ਦਿੰਦੇ ਹਾਂ ਕਿ ਜਦੋਂ ਇੱਕ ਗੁਰਸਿਖ ਘਾਹ ਖੋਤ ਕੇ ਪੰਡ ਬੰਨ੍ਹ ਕੇ ਲਿਆਇਆ ਸੀ ਅਤੇ ਨਾਲ ਟਕਾ ਵੀ ਲਿਆਇਆ ਸੀ ਅਤੇ ਉੱਹ ਭੁਲੇਖੇ ਨਾਲ ਜਹਾਂਗੀਰ ਦੇ ਦਰਬਾਰ ਵਿੱਚ ਚਲਾ ਗਿਆ। ਉਸ ਨੇ ਉੱਥੇ ਘਾਹ ਦੀ ਪੰਡ ਅਤੇ ਟਕਾ ਰੱਖ ਕੇ ਮੱਥਾ ਟੇਕਿਆ ਤਾਂ ਜਹਾਂਗੀਰ ਨੇ ਉਸ ਵੱਲ ਨਾ ਦੇਖਿਆ। ਉਹ ਕਹਿਣ ਲੱਗਾ ਮੈਂ ਝੂਠੇ ਦਰਬਾਰ ਵਿੱਚ ਆ ਗਿਆ ਹਾਂ ਮੈਂ ਤਾਂ ਸੱਚੇ ਪਾਤਿਸ਼ਾਹ ਦੇ ਦਰਬਾਰ ਜਾਣਾ ਸੀ। ਉਹ ਟਕਾ ਅਤੇ ਘਾਹ ਦੀ ਪੰਡ ਚੁੱਕ ਕੇ ਵਾਪਿਸ ਤੁਰ ਪਿਆ। ਤਦ ਜਹਾਂਗੀਰ ਨੇ ਆਪਣੇ ਦਰਬਾਰੀਆਂ ਨੂੰ ਕਿਹਾ ਕਿ ਜਾ ਕੇ ਦੇਖੋ, ਇਹ ਕਿੱਥੇ ਜਾਂਦਾ ਹੈ? ਜਦੋਂ ਹਜ਼ੂਰ ਛੇਵੇਂ ਪਾਤਿਸ਼ਾਹ ਜੀ ਨੂੰ ਪਤਾ ਲੱਗਾ ਤਾਂ ਉਹ ਤਖਤ ਤੋਂ ਉੱਠ ਕੇ ਭੱਜੇ ਆਏ ਅਤੇ ਆਪਣੇ ਸਿੱਖ ਦੇ ਸਿਰ ਤੋਂ ਘਾਹ ਦੀ ਪੰਡ ਚੁੱਕ ਕੇ ਮਾਫ਼ੀ ਮੰਗੀ ਕਿ ਗੁਰੂ ਦਿਆ ਸਿੱਖਾ! ਮੈਨੂੰ ਮਾਫ਼ ਕਰ ਦੇ। ਮੈਨੂੰ ਬਾਹਰ ਪਹਿਰੇਦਾਰ ਲਾਉਣੇ ਚਾਹੀਦੇ ਸਨ ਜੋ ਤੈਨੂੰ ਦੱਸ ਦਿੰਦੇ ਕਿ ਤੂੰ ਕਿੱਧਰ ਜਾਣਾ ਹੈ।

ਅੱਜ ਅਸੀਂ ਕੋਈ ਪਖੰਡ ਨਹੀਂ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਸਭ ਨੂੰ ਦੱਸਿਆ ਹੈ ਕਿਉਂਕਿ ਸੰਗਤ ਵਿੱਚ ਰੱਬ ਵੱਸਦਾ ਹੈ।

*ਫਰੀਦਾ ਖਾਲਕੁ ਖਲਕ ਮਹਿ*
*ਖਲਕ ਵਸੈ ਰਬ ਮਾਹਿ॥*
*ਮੰਦਾ ਕਿਸ ਨੋ ਆਖੀਐ*
*ਜਾਂ ਤਿਸੁ ਬਿਨੁ ਕੋਈ ਨਾਹਿ॥੭੫॥* *(ਅੰਗ 1381)*

ਰੱਬ ਤੁਹਾਡੇ ਵਿੱਚ ਵੀ ਅਤੇ ਸਾਡੇ ਵਿੱਚ ਵੀ ਵੱਸਦਾ ਹੈ। ਉਹ ਰੱਬ ਕਿਸੇ ਜਾਤ ਬਰਾਦਰੀ, ਅਮੀਰ, ਗਰੀਬ ਵਿੱਚ ਨਹੀਂ ਬਲਕਿ ਸਭ ਵਿੱਚ ਵੱਸਦਾ ਹੈ। ਕਿਉਂਕਿ ਸਾਨੂੰ ਪਤਾ ਹੈ ਕਿ ਸਾਡੇ ਕੋਲੋਂ ਤੁਹਾਨੂੰ ਓਨਾ ਪਿਆਰ ਨਹੀਂ ਕਰ ਹੁੰਦਾ ਜਿੰਨਾ ਤੁਸੀਂ ਕਰਦੇ ਹੋ। ਅਸੀਂ ਤੁਹਾਡੇ ਪਿਆਰ ਸਦਕਾ ਹੀ ਤੁਰੇ ਫਿਰਦੇ ਹਾਂ।

ਹਜ਼ੂਰ ਫੁਰਮਾਨ ਕਰ ਰਹੇ ਹਨ ਕਿ ਕਿਸੇ ਵਕਤ ਜੀਵ ਡੋਲਿਆ ਹੋਵੇ ਤਾਂ ਉਸ ਸਮੇਂ ਅਗਰ ਉਹ ਸਿਮਰਨ ਕਰਦਾ ਹੈ ਤਦ ਉਸ ਦਾ ਮਨ ਸੁੱਕੇ ਤੋਂ ਹਰਿਆ ਹੋ ਕੇ ਫੇਰ ਗੁਰਬਾਣੀ ਨਾਲ ਜੁੜ ਜਾਂਦਾ ਹੈ।

**ਹਰਿ ਭਾਗ ਵਡੇ ਲਿਖਿ ਪਾਇਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਸਮਾਏ ਰਾਮ॥੧॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਮੇਰੇ ਕਰਮਾਂ ਵਿੱਚ ਕੁਝ ਨਹੀਂ ਸੀ ਤਾਂ ਮੇਰੇ ਸਤਿਗੁਰ ਨੇ ਰੇਖ ਵਿੱਚ ਮੇਖ ਮਾਰ ਕੇ ਮੇਰੇ ਭਾਗਾਂ ਵਿੱਚ ਲਿਖ ਦਿੱਤਾ। ਇੰਝ ਮਾਲਿਕ ਨੇ ਮੈਨੂੰ ਭਟਕੇ ਹੋਏ ਨੂੰ ਫੇਰ ਉਸ ਨਾਮ ਨਾਲ ਜੋੜ ਦਿੱਤਾ। ਸੋਈ ਸੰਗਤ ਦੀ ਅਰਦਾਸ ਬਹੁਤ ਉੱਤਮ ਹੈ।

*ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ॥*
*ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥੧॥*

*(ਅੰਗ 816)*

ਵਰਨਾ ਅਸੀਂ ਠੀਕ ਨਹੀਂ ਸੀ ਅਤੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਅਸੀਂ ਅਰਦਾਸ ਵਿੱਚ ਖੜੇ ਹੋ ਸਕਾਂਗੇ। ਅੱਜ

ਮਾਲਿਕ ਨੇ Spiritual Power ਨੇ ਆ ਕੇ ਸਾਨੂੰ ਅਰਦਾਸ ਵਿੱਚ ਖੜੇ ਹੋਣ ਦਾ ਬਲ ਬਖਸ਼ਿਆ। ਸਾਡੀ ਸੋਚ ਅਨੁਸਾਰ ਇਹ ਜੋ ਕੁਝ ਵੀ ਹੋਇਆ ਇਹ ਉਸ ਅਕਾਲ ਪੁਰਖ ਵਾਹਿਗੁਰੂ, ਧੁਰ ਕੀ ਬਾਣੀ ਦੀ, ਸਾਡੇ ਹਜ਼ੂਰ ਦੀ ਕਿਰਪਾ ਅਤੇ ਸੰਗਤ ਦੇ ਪਿਆਰ ਅਤੇ ਅਰਦਾਸਾਂ ਸਦਕਾ ਹੋਇਆ ਹੈ। ਹਜ਼ੂਰ ਚੌਥੇ ਪਾਤਿਸ਼ਾਹ ਜੀ ਦੇ ਬਚਨਾਂ ਅਨੁਸਾਰ ਅਸੀਂ ਵੀ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ ਹਾਂ ਕਿ ਸੰਗਤ ਨੇ ਸਾਡੀ ਤੰਦਰੁਸਤੀ ਵਾਸਤੇ ਅਰਦਾਸਾਂ ਕੀਤੀਆਂ ਹਨ।

ਸੋਈ ਹਜ਼ੂਰ ਕਿਰਪਾ ਕਰਨ ਫੇਰ ਆਈ ਸੰਗਤ ਨੂੰ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਅਤੇ ਬਾਬਾ ਦੇਵਾ ਸਿੰਘ ਜੀ ਮਹਾਰਾਜ ਦੇ ਅਵਤਾਰ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ ਹੋਣ। ਜਿਹੜੀ ਵੀ ਸੰਗਤ ਨੇ ਸ੍ਰੀ ਅਖੰਡ ਪਾਠ ਸਾਹਿਬ ਵਾਸਤੇ ਅਤੇ ਰੁਮਾਲਾ ਸਾਹਿਬ ਵਾਸਤੇ ਸੇਵਾ ਪਾਈ ਹੈ ਜਾਂ ਉਂਝ ਵੀ ਸੰਸਥਾ ਦੇ ਹੋਰ ਕਾਰਜਾਂ ਵਾਸਤੇ ਸੇਵਾ ਪਾਈ ਹੈ ਹਜ਼ੂਰ ਸਭ ਦੀਆਂ ਸੇਵਾਵਾਂ ਕਬੂਲ ਕਰਕੇ ਸ਼ੁਭ ਭਾਵਨਾਵਾਂ ਪੂਰੀਆਂ ਕਰਦੇ ਹੋਏ ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ ਨਾਮ ਦੀ ਦਾਤ ਬਖਸ਼ ਕੇ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ। ਹਜ਼ੂਰ ਸਭ ਦੀ ਸੇਵਾ ਥਾਏ ਪਾਉਣ ਏਕ ਤੋਂ ਅਨੇਕ ਕਰਨ, ਕਮਾਈ ਵਿੱਚ ਬਰਕਤ ਪਾਉਣ, ਰੁਕੇ ਕੰਮ ਠੀਕ ਕਰਨ, ਕਾਰੋਬਾਰਾਂ ਵਿੱਚ ਪੈ ਰਹੇ ਘਾਟੇ ਨੂੰ ਠੀਕ ਕਰਕੇ ਵਾਧੇ ਪਾਉਣਾ ਕਿਉਂਕਿ ਹਜ਼ੂਰ ਦੇ ਹੱਥ ਵਿੱਚ ਹੀ ਸਭ ਕੁਝ ਹੈ।

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥ (ਅੰਗ 653)*

ਤਥਾ

*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥*

*(ਅੰਗ 206)*

ਜਿਹਨਾਂ ਨੇ ਸੇਵਾ ਨਹੀਂ ਵੀ ਪਾਈ ਮਾਲਿਕ ਉਹਨਾਂ ਉਪਰ ਵੀ ਬਖਸ਼ਿਸ਼ ਕਰਨ।

# ਸਤਿਸੰਗ

**॥ ਬਿਹਾਗੜਾ ਮਹਲਾ ੪॥ (ਅੰਗ 540)**

**ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਸੋਢੀ ਸੁਲਤਾਨ ਸਾਨੂੰ ਸਿੱਖਿਆ ਬਖਸ਼ ਰਹੇ ਹਨ ਕਿ ਐ ਮੇਰੀ ਜਿੰਦੜੀਏ! ਜਿਹੜੇ ਜੀਵਾਂ ਨੇ ਹਰੀ ਦੇ ਨਾਮ ਨੂੰ ਚੇਤੇ ਨਹੀਂ ਕੀਤਾ ਅਰਥਾਤ ਸਿਮਰਨ ਅਤੇ ਬੰਦਗੀ ਨਹੀਂ ਕੀਤੀ ਉਹ ਇਆਣੇ ਬੇਸਮਝ ਹਨ। ਜੋ ਜੀਵ ਨਾਮ ਦਾ ਸਿਮਰਨ ਜਾਪ ਕਰਦੇ ਹਨ ਉਹ ਇਆਣੇ ਤੋਂ ਸਿਆਣੇ ਹੋ ਜਾਂਦੇ ਹਨ ਕਿਉਂਕਿ ਜੀਵ ਉਮਰ ਜਾਂ ਪੜ੍ਹਾਈਆਂ ਨਾਲ ਸਿਆਣਾ ਨਹੀਂ ਹੁੰਦਾ। ਜਿਸ ਉਪਰ ਹਜ਼ੂਰ ਦੀ ਬਖਸ਼ਿਸ਼ ਹੋਵੇ ਉਹੋ ਹੀ ਸਿਆਣਾ ਹੁੰਦਾ ਹੈ। ਜਦੋਂ ਜੀਵ ਗੁਰਬਾਣੀ ਦੀ ਸੰਗਤ ਕਰਦਾ ਹੈ ਫੇਰ ਉਸ ਨੂੰ ਜਿਹੜੀਆਂ ਗੱਲਾਂ ਦਾ ਪਤਾ ਨਹੀਂ ਲੱਗਦਾ ਉਸ ਬਾਰੇ ਵੀ ਹਜੂਰ ਸੋਝੀ ਬਖਸ਼ ਦਿੰਦੇ ਹਨ।

**ਜੋ ਮੋਹ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ ਸੇ ਅੰਤਿ ਗਏ ਪਛੁਤਾਣੇ ਰਾਮ॥**

ਜਿਹੜੇ ਜੀਵ ਪੈਸੇ ਕਰਕੇ ਕਿਸੇ ਨਾਲ ਜਾਂ ਸਾਕ ਸੰਬੰਧੀਆਂ ਨਾਲ ਅੱਛਾ ਵਿਹਾਰ ਨਹੀਂ ਕਰਦੇ ਜਾਂ

*ਵਕਤ ਨਿਕਲ ਗਿਆ ਤੋ ਪਹਿਚਾਨਤੇ ਨਹੀਂ।*

*ਯੂੰ ਜਾ ਰਹੇਂ ਹੈਂ ਜੈਸੇ ਜਾਨਤੇ ਹੀ ਨਹੀਂ।*

ਅਸੀਂ ਰਿਸ਼ਤੇਦਾਰੀ, ਸਾਕਸੰਬੰਧੀਆਂ, ਦੋਸਤਾਂ ਅਤੇ ਸੰਗਤ ਵਿੱਚ ਵੀ ਦੇਖਿਆ ਹੈ ਕਿ ਜਦੋਂ ਕੰਮ ਹੁੰਦਾ ਹੈ ਉਦੋਂ ਬਹੁਤ ਮਿੱਠੇ ਪਿਆਰੇ ਹੁੰਦੇ ਹਨ ਪੈਰਾਂ ਥੱਲੇ ਹੱਥ ਦੇਣ ਤੱਕ ਜਾਂਦੇ ਹਨ, ਬਹੁਤ ਤਰਲੇ ਪਾਉਂਦੇ ਹਨ ਪਰ ਜਦੋਂ ਉਹਨਾਂ ਨੂੰ ਨੌਕਰੀ ਮਿਲ ਜਾਵੇ, ਵਿਆਹ ਸ਼ਾਦੀ ਅੱਛੇ ਥਾਂ ਹੋ ਜਾਵੇ ਉਹਨਾਂ ਦਾ ਦਿਮਾਗ ਖਰਾਬ ਹੋ ਜਾਂਦਾ ਹੈ। ਅਸੀਂ ਆਪਣੀ ਜਿੰਦਗੀ ਵਿੱਚ ਦੇਖਿਆ ਹੈ ਕਿ ਜਿਸ ਨੇ ਵੀ ਇੱਦਾਂ ਕੀਤਾ ਉਹ ਮਾਰ ਖਾ ਗਿਆ, ਉਹਨਾਂ ਵਿਚੋਂ ਕੋਈ ਵੀ ਕਾਮਯਾਬ ਨਹੀਂ ਹੋਇਆ। ਅਸੀਂ ਇਹ ਕਹਿੰਦੇ ਹਾਂ ਕਿ ਤੁਸੀਂ ਜਿੰਨੇ ਸਿਆਣੇ ਬਣ ਸਕਦੇ ਹੋ ਬਣ ਜਾਵੋ ਪਰ ਦੂਸਰੇ ਨੂੰ ਮੂਰਖ ਨਾ ਬਣਾਵੋ। ਜਦੋਂ ਤੁਸੀਂ ਇੱਦਾਂ ਕਰੋਗੇ ਤੁਹਾਨੂੰ ਬਹੁਤ ਹੀ ਸੈੱਟ ਬੈਕ ਲੱਗੇਗਾ। ਜੀਵ ਪਰਿਵਾਰਿਕ ਮੋਹ ਅਤੇ ਪੈਸੇ ਦੇ ਲਾਲਚ ਵਿੱਚ ਫਸ ਕੇ ਐਸਾ ਕਰਦੇ ਹਨ ਕਿ

ਮੈਂ ਰਾਤੋ-ਰਾਤ ਅਮੀਰ ਹੋ ਜਾਵਾਂ। ਅਗਰ ਅਸੀਂ ਵੀ ਸੰਸਥਾ ਚਲਾਉਣੀ ਹੈ ਤਾਂ ਸਾਨੂੰ ਵੀ ਪਰਿਵਾਰਿਕ ਮੋਹ ਅਤੇ ਸਿਫਾਰਸਾਂ ਤੋਂ ਬਚਣਾ ਪੈਣਾ ਹੈ। ਮਾਇਆ ਤੋਂ ਬਚਣਾ ਪੈਣਾ ਹੈ। ਜਿਹੜੇ ਬੱਚੇ ਵਿਦੇਸ਼ਾ ਵਿੱਚ ਆਪਣੇ ਵਿਹਲੇ ਦਿਨਾਂ ਵਿੱਚ ਮਿਹਨਤ ਕਰਦੇ ਹਨ ਉਹ ਵਧੀਆ ਪੜ੍ਹਦੇ ਵੀ ਹਨ, ਯੂਨੀਵਰਸਿਟੀਆਂ ਵਿੱਚ ਟਾਪ ਕਰਦੇ ਹਨ, ਉਹ ਜਿੰਦਗੀ ਵਿੱਚ ਬੁਲੰਦੀਆਂ ਛੂੰਹਦੇ ਹਨ ਅਰਥਾਤ ਸਿਖਰ ਤੱਕ ਪਹੁੰਚਦੇ ਹਨ। ਪਰ ਜਿਹੜੇ ਜੀਵ ਮੋਹ ਮਾਇਆ ਵਿੱਚ ਫਸ ਕੇ ਮਿਹਨਤ ਨਹੀਂ ਕਰਦੇ ਉਹ ਪਛਤਾਉਂਦੇ ਰਹਿੰਦੇ ਹਨ।

**ਹਰਿ ਦਰਗਹੁ ਢੋਈ ਨ ਲਹਨਿ੍ ਮੇਰੀ ਜਿੰਦੁੜੀਏ**
**ਜੋ ਮਨਮੁਖ ਪਾਪਿ ਲੁਭਾਣੇ ਰਾਮ॥**

ਜੋ ਜੀਵ ਮਨਮੁਖ ਹੁੰਦੇ ਹਨ ਉਹ ਰੱਬ ਨੂੰ ਦੋਸ਼ ਦਿੰਦੇ ਹਨ। ਪਰ ਸਿਆਣਿਆਂ ਦਾ ਕਥਨ ਹੈ ਕਿ

*ਕੋਈ ਮੋੜੋ ਮਨਾਂ ਦੀਆਂ ਵਾਗਾਂ ਨੂੰ।*
*ਫੇਰ ਦੋਸ਼ ਨਾ ਦੇਣਾ ਭਾਗਾਂ ਨੂੰ।*

ਕਈ ਜੀਵ ਕਹਿੰਦੇ ਹਨ ਕਿ ਫਲਾਣਾ ਬੰਦਾ ਸਤਿਸੰਗ ਸੁਣਦਾ ਹੈ ਉਸ ਦਾ ਕੰਮ ਹੋ ਗਿਆ ਹੈ ਪਰ ਅਸੀਂ ਵੀ ਸਤਿਸੰਗ ਸੁਣਦੇ ਹਾਂ ਫੇਰ ਸਾਡਾ ਕਿਉਂ ਨਹੀਂ ਹੋਇਆ? ਇੰਝ ਮਾਲਿਕ ਨਾਲ ਰੋਸ ਕਰਕੇ ਬੇ ਭਾਵ ਹੋ ਕੇ ਡਿੱਗ ਪੈਂਦੇ ਹਾਂ। ਇਸ ਤਰ੍ਹਾਂ ਸੋਚਣ ਨਾਲ ਸਾਡਾ ਕੰਮ ਵੀ ਨਹੀਂ ਹੁੰਦਾ ਅਤੇ ਅਸੀਂ ਭਗਤੀ ਤੋਂ ਵੀ ਜਾਂਦੇ ਰਹਿੰਦੇ ਹਾਂ।

*ਦੁਬਿਧਾ ਮੇਂ ਦੋਨੋ ਗਏ ਮਾਇਆ ਮਿਲੀ ਨ ਰਾਮ।*

ਸੋਈ

*ਉੱਦਮ ਅੱਗੇ ਲਛਮੀ, ਪੱਖੇ ਅੱਗੇ ਪੌਣ।*

ਮਿਹਨਤ ਕਰਨ ਵਾਲੇ ਬੱਚੇ ਕਹਿੰਦੇ ਹਨ ਕਿ ਸਤਿਸੰਗ ਵਿੱਚ ਬਚਨ ਆਏ ਸਨ ਕਿ

*ਖੁਦੀ ਕੋ ਕਰ ਬੁੰਲਦ ਇਤਨਾ ਕਿ ਹਰ ਤਕਦੀਰ ਸੇ ਪਹਿਲੇ*
*ਖੁਦਾ ਬੰਦੇ ਸੇ ਖੁਦ ਪੂਛੇ ਬਤਾ ਤੇਰੀ ਰਜ਼ਾ ਕਿਆ ਹੈ।*

ਅਗਰ ਖੁਦੀ ਕਰਨੀ ਹੈ ਤਾਂ ਮਾਣ ਵਡਿਆਈ ਦੀ ਨਾ ਕਰੋ ਬਲਕਿ ਆਪਣੇ ਸਤਿਗੁਰ ਤੇ ਮਾਣ ਕਰੋ ਅਤੇ ਮਿਹਨਤ ਕਰੋ ਫੇਰ ਰੱਬ ਵੀ ਪੁੱਛਦਾ ਹੈ ਕਿ ਦੱਸ ਪੁੱਤਰ! ਤੈਨੂੰ ਕੀ ਚਾਹੀਦਾ ਹੈ? ਅਸੀਂ ਕਹਿੰਦੇ ਹਾਂ ਕਿ ਜਿਹੜੇ ਬੱਚੇ ਮਿਹਨਤ ਕਰਦੇ ਅਤੇ ਪੜ੍ਹਦੇ ਹਨ ਅਸੀਂ ਹਮੇਸ਼ਾ ਉਹਨਾਂ ਦੇ ਨਾਲ ਹਾਂ ਉਹਨਾਂ ਦਾ ਸਾਥ ਦੇਣ ਲਈ ਤਿਆਰ ਹਾਂ। I am always after them. ਅਸੀਂ ਜਿੱਥੋਂ ਤੱਕ ਵੀ ਹੋ ਸਕੇ ਹਰ ਚੰਗੇ ਕੰਮ ਵਿੱਚ ਉਹਨਾਂ ਦੀ ਮਦਦ ਕਰਨ ਨੂੰ ਤਿਆਰ ਹਾਂ। ਜਿਹੜੇ ਬੱਚੇ ਮਿਹਨਤ ਕਰਦੇ ਅਤੇ ਪੜ੍ਹਦੇ ਹਨ ਉਹਨਾਂ ਦੇ ਕਰਕੇ ਸੰਸਥਾ ਦੀ ਸੋਭਾ ਵਧਦੀ ਹੈ ਅਤੇ ਦੁਨੀਆਂ ਵਿੱਚ ਗੁਰਬਾਣੀ ਦੀ ਜੈ-ਜੈ ਕਾਰ ਹੁੰਦੀ ਹੈ।

**ਜਨ ਨਾਨਕ ਗੁਰ ਮਿਲਿ ਉਬਰੇ ਮੇਰੀ ਜਿੰਦੁੜੀਏ**
**ਹਰਿ ਜਪਿ ਹਰਿ ਨਾਮਿ ਸਮਾਣੇ ਰਾਮ॥੧॥**

ਕੋਈ ਚੰਗਾ ਸਾਧੂ ਅਰਥਾਤ ਗੁਰ (ਜਿਸ ਦੇ ਪਿੱਛੇ ਕਿਸੇ ਪੂਰਨ ਤਾਕਤ ਦਾ ਅਸ਼ੀਰਵਾਦ ਹੋਵੇ) ਮਿਲ ਜਾਵੇ ਅਤੇ ਜੀਵ ਉਸ ਗੁਰ ਦੀ ਸਿੱਖਿਆ ਪੱਲੇ ਬੰਨ੍ਹ ਲਵੇ ਫੇਰ ਜੀਵ ਨੂੰ ਕਾਮਯਾਬੀ ਅਵੱਸ਼ ਮਿਲਦੀ ਹੈ।

ਅਸੀਂ ਚਾਹੇ ਮੂਰਖ, ਨੀਚ, ਅਣਜਾਣ, ਕਰਮਹੀਣ, ਮੱਤਹੀਣ, ਬੁੱਧਬੀਣ ਹਾਂ ਪਰ ਬਹੁਤ ਸਾਰੇ ਬੱਚਿਆਂ ਨੇ ਸਾਡੀ ਦਿੱਤੀ ਹੋਈ ਸਿੱਖਿਆ ਨੂੰ ਅਪਣਾਇਆ ਹੈ ਅਤੇ ਮਿਹਨਤ ਕੀਤੀ ਹੈ। ਅਸੀਂ ਬਾਹਰ ਜਾ ਕੇ ਦੇਖਿਆ ਹੈ ਕਿ ਇਸ ਸੰਸਥਾ ਨਾਲ ਜੁੜੇ ਹੋਏ ਬੱਚੇ ਲੋਕਾਂ ਦੇ ਬੱਚਿਆਂ ਨਾਲੋਂ ਵੱਧ ਨੰਬਰ ਲੈ ਰਹੇ ਹਨ। ਉਦੋਂ ਸਾਡੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ ਜਦੋਂ ਉਹ ਦੱਸਦੇ ਹਨ ਕਿ ਅਸੀਂ ਆਪਣੇ ਮਾਤਾ ਪਿਤਾ ਕੋਲੋਂ ਪੈਸੇ ਨਾ ਮੰਗਵਾ ਕੇ ਆਪ ਮਿਹਨਤ ਕਰ ਕੇ, ਡਿਊਟੀ ਕਰਕੇ, ਅਖਬਾਰਾਂ ਵੇਚ ਕੇ, ਬਰੈੱਡ ਵੇਚ ਪੈਸੇ ਕਮਾ ਕੇ ਆਪਣੀਆਂ ਫੀਸਾਂ ਦਿੰਦੇ ਹਾਂ। ਉਹਨਾਂ ਬੱਚਿਆਂ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।

ਗੁਰੂ ਨਾਨਕ ਮਿਸ਼ਨ ਹਸਪਤਾਲ ਦਾ ਚੇਅਰਮੈਨ ਸਰਦਾਰ ਪ੍ਰੇਮ ਸਿੰਘ ਹੈ। ਇੱਕ ਵਾਰ ਉਹ ਸਾਡੇ ਨਾਲ ਵਿਦੇਸ਼ ਗਿਆ। ਅਸੀਂ ਉਦੋਂ ਨਿਊਯਾਰਕ ਵਿੱਚ ਸਤਿਸੰਗ ਕੀਤਾ। ਉਥੇ ਅਸੀਂ ਉਦੋਂ ਸੰਗਤ ਨੂੰ ਪ੍ਰੇਰਨਾ ਦਿੱਤੀ। ਉਥੇ ਸੰਗਤ ਆ ਕੇ ਸਾਨੂੰ ਸੇਵਾ ਦੇ ਕੇ ਕਹੇ ਕਿ ਬਾਬਾ ਜੀ! ਸਾਨੂੰ ਟਾਈਮ ਬਹੁਤ ਥੋੜ੍ਹਾ ਮਿਲਿਆ ਹੈ ਅਸੀਂ ਹੋਰ ਪੈਸੇ ਭੇਜਣ ਦੀ ਵੀ ਕੋਸ਼ਿਸ਼ ਕਰਾਂਗੇ ਪਰ ਤੁਸੀਂ ਲੋਕਾਂ ਦੀ ਭਲਾਈ ਲਈ ਇਹ ਮਸ਼ੀਨ ਜ਼ਰੂਰ ਲੈ ਲਇਓ। ਤਦ ਪ੍ਰੇਮ ਸਿੰਘ ਸਾਨੂੰ ਕਹਿੰਦਾ ਲੱਗਾ ਬਾਬਾ ਕਸ਼ਮੀਰਾ ਸਿੰਹਾਂ! ਹੁਣ ਗੁਰੂ ਨਾਨਕ ਮਿਸ਼ਨ ਹਸਪਤਾਲ ਤੁਹਾਨੂੰ ਫੜ ਨਹੀਂ ਸਕੇਗਾ। ਹੁਣ ਤੁਸੀਂ ਦੌੜ ਕੇ ਐਨਾ ਅੱਗੇ ਲੰਘ ਗਏ ਹੋ ਕਿ ਜਲੰਧਰ ਦਾ ਕੋਈ ਵੀ ਹਸਪਤਾਲ ਤੁਹਾਡਾ ਮੁਕਾਬਲਾ ਨਹੀਂ ਕਰ ਸਕੇਗਾ ਅਤੇ ਉਹ ਗੱਲ ਸੱਚ ਹੋ ਗਈ। ਜਦੋਂ ਦੇਸ਼ ਵਿਦੇਸ਼ ਵਿੱਚੋਂ ਕਿਸੇ ਨੂੰ ਸੰਗਤ ਦਾ ਸਹਿਯੋਗ ਮਿਲਦਾ ਹੈ ਫੇਰ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਇੱਕ ਤਾਂ ਸੰਗਤ ਦੀ ਬਰਾਬਰੀ ਦੁਨੀਆਂ ਵਿੱਚ ਕੋਈ ਨਹੀਂ ਕਰ ਸਕਦਾ। ਦੂਸਰਾ, ਹਜ਼ੂਰ ਦੀ ਕਿਰਪਾ ਹੋਵੇ ਤਦ ਹੀ ਕੋਈ ਅੱਛੀ ਪ੍ਰੇਰਨਾ ਦੇਣ ਵਾਲਾ ਮਿਲ ਸਕਦਾ ਹੈ। ਅਸੀਂ ਅੱਜ ਤੱਕ ਆਪਣੇ ਨਿੱਜੀ ਕੰਮ ਵਾਸਤੇ ਕਦੇ ਕਿਸੇ ਨੂੰ ਪ੍ਰੇਰਨਾ ਨਹੀਂ ਦਿੱਤੀ। ਅਸੀਂ ਜੋ ਵੀ ਕਰਦੇ ਹਾਂ ਸੰਗਤ ਵਾਸਤੇ ਕਰਦੇ ਹਾਂ ਅਤੇ ਸੰਗਤ ਵਾਸਤੇ ਹੀ ਬੇਨਤੀ ਕਰਦੇ ਹਾਂ ਕਿ

*ਵਧੇ ਫੁਲੇ ਤੇ ਰੰਗ ਮਾਣੇ*

*ਸਈਓ ਨੀ ਮੇਰੇ ਸਤਿਗੁਰ ਦੀ ਵਾੜੀ।*

ਤੁਸੀਂ ਸਾਡਾ ਬਗੀਚਾ ਹੋ ਅਤੇ ਬਗੀਚੇ ਦੇ ਫੁੱਲ ਹੋ। ਬਗੀਚੇ ਦੇ ਫੁੱਲ ਹਮੇਸ਼ਾਂ ਖਿੜੇ ਹੀ ਚੰਗੇ ਲੱਗਦੇ ਹਨ।

ਮਾਲਿਕ ਕਿਰਪਾ ਕਰਨ ਅਤੇ ਸੰਗਤ ਹਜ਼ੂਰ ਚੌਥੇ ਪਾਤਿਸ਼ਾਹ ਜੀ ਦੇ ਬਚਨ ਮੰਨ ਕੇ ਬੰਦਗੀ ਵੀ ਕਰੇ ਅਤੇ ਮਿਹਨਤ ਵੀ ਕਰੇ। ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਦੇ ਮਿਸ਼ਨ ਅਨੁਸਾਰ

*ਨਾਮ ਜਪੋ, ਵੰਡ ਛਕੋ ਅਤੇ ਸੱਚੀ ਕਿਰਤ ਕਰੋ।*

ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਨਹੀਂ ਕਿਹਾ ਕਿ ਅਸੀਂ ਬਾਬੇ ਜਾਂ ਪੀਰ ਹਾਂ ਸਗੋਂ ਇਹੋ ਸੰਦੇਸ਼ ਦਿੱਤਾ ਕਿ

*ਗੁਰੁ ਪੀਰੁ ਸਦਾਏ ਮੰਗਣ ਜਾਇ॥*
*ਤਾ ਕੈ ਮੂਲਿ ਨ ਲਗੀਐ ਪਾਇ॥*
*ਘਾਲਿ ਖਾਇ ਕਿਛੁ ਹਥਹੁ ਦੇਇ॥*
*ਨਾਨਕ ਰਾਹੁ ਪਛਾਣਹਿ ਸੇਇ॥੧॥ (ਅੰਗ 1245)*

ਅਸੀਂ ਵੀ ਖੇਤੀ ਕਰਦੇ ਹਾਂ, ਠੇਕੇ 'ਤੇ ਜਮੀਨ ਲੈ ਕੇ ਵਾਹੁੰਦੇ ਹਾਂ। ਕੀ ਅਸੀਂ ਕੋਈ ਗਲਤ ਕਰਮ ਕਰਦੇ ਹਾਂ? ਇਸ ਕਰਕੇ ਅਸੀਂ ਕਹਿੰਦੇ ਹਾਂ ਇੱਥੇ ਵੀ ਮਿਹਨਤ ਕਰੋ ਅਤੇ ਬਾਹਰ ਵੀ ਜਾਵੋ ਫੇਰ ਦੇਖੋ, ਕਿਸ ਤਰ੍ਹਾਂ ਰੰਗ ਲੱਗਦਾ ਹੈ।

## ਗਾਰੜੂ ਮੰਤ੍ਰ

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥
ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥
ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ ॥

*(ਗੂਜਰੀ ਕੀ ਵਾਰ ਮਹਲਾ ੩ ॥ ਅੰਗ 510)*

# ਸਤਿਸੰਗ

**॥ ਆਸਾ ਮਹਲਾ ੫ ॥ (ਅੰਗ 398)**

**ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਅੱਜ ਦੇ ਦਿਨ ਇੱਕ ਸਤੰਬਰ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ ਸਨ ਇਸ ਕਰਕੇ ਅੱਜ ਗੁਰਗੱਦੀ ਦਿਵਸ ਹੈ। ਅੱਜ ਦੇ ਦਿਨ ਹਜ਼ੂਰ ਚੌਥੇ ਪਾਤਿਸ਼ਾਹ ਜੀ ਨੇ ਚੋਲਾ ਛੱਡਿਆ ਸੀ ਅਤੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ ਸਨ।

ਹਜ਼ੂਰ ਫੁਰਮਾਉਂਦੇ ਹਨ ਕਿ ਜਿਹੜਾ ਸਾਡਾ ਖਸਮ ਹੈ ਉਹੋ ਹੀ ਸਾਰਿਆਂ ਦਾ ਖਸਮ ਹੈ। ਅਗਰ ਜੀਵ ਗਲਤੀ ਕਰਦਾ ਹੈ ਤਾਂ ਲੋਕ ਉਸ ਦੇ ਖਸਮ ਨੂੰ ਗਾਲ ਦਿੰਦੇ ਹਨ ਕਿਉਂਕਿ

*ਮਾੜਾ ਕੁੱਤਾ ਖਸਮੇ ਗਾਲ।*

ਅਗਰ ਅਸੀਂ ਗਲਤੀ ਕਰਾਂਗੇ ਤਦ ਲੋਕ ਕਹਿੰਣਗੇ ਕਿ ਇਹ ਸੁਆਮੀ ਗੁਰਬਚਨ ਲਾਲ ਜੀ ਮਹਾਰਾਜ ਦੀ ਸੰਗਤ ਕਰਦਾ ਸੀ, ਉਹਨਾਂ ਦਾ ਅਸ਼ੀਰਵਾਦ ਸੀ। ਇੰਝ ਆਪਣੇ ਨਾਲ ਅਸੀਂ ਆਪਣੇ ਸੰਤਾਂ ਨੂੰ ਵੀ ਬਦਨਾਮ ਕਰਾਂਗੇ। ਦੂਸਰਾ, ਜਦੋਂ ਅਸੀਂ ਕਿਸੇ ਦੇ ਸੰਤਾਂ ਮਹਾਪੁਰਸ਼ਾਂ ਨੂੰ ਗਲਤ ਬੋਲਾਂਗੇ ਤਾਂ ਅੱਗੋਂ ਉਹ ਸਾਡੇ ਸੰਤਾਂ ਨੂੰ ਮੰਦਾ ਬੋਲੇਗਾ। ਇਸੇ ਕਰਕੇ ਅਸੀਂ ਤੁਹਾਨੂੰ ਬਹੁਤ ਦਫ਼ਾ ਕਹਿੰਦੇ ਹਾਂ ਕਿ ਅਗਰ ਤੁਸੀਂ ਕਿਸੇ ਦੇ ਗੁਰੂ ਨੂੰ ਗਾਲ ਕੱਢਣੀ ਹੈ ਤਾਂ ਸਾਨੂੰ ਹੀ ਕੱਢ ਲਿਆ ਕਰੋ। ਤੁਸੀਂ ਸਰਾਬੀ-ਕਬਾਬੀ ਤਾਂ ਨਹੀਂ ਹੋ। ਤੁਸੀਂ ਸਾਨੂੰ ਕਿਸੇ ਸ਼ਰਾਬੀ ਕਬਾਬੀ ਤੋਂ ਗਾਲ ਨਾ ਕਢਾਇਓ।

ਹਜ਼ੂਰ ਫੁਰਮਾਉਂਦੇ ਹਨ ਕਿ ਸਾਰਿਆਂ ਦੇ ਖਸਮ ਇਕੋ ਹੀ ਹਨ।

*God is one we are thy children.*

ਤਥਾ

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥*
*(ਅੰਗ 611)*

ਉਹ ਤਾਕਤ ਹਰ ਥਾਂ ਹਾਜਰ ਨਾਜਰ ਹੈ।

**ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ॥੧॥**

ਉਹ ਤਾਕਤ ਦੁਨੀਆਂ ਵਿੱਚ ਇਕੋ ਹੀ ਹੈ।

*ਦੂਸਰ ਹੋਆ ਨਾ ਕੋ ਹੋਈ॥*

*ਜਪਿ ਨਾਨਕ ਪ੍ਰਭ ਏਕੋ ਸੋਈ॥੪॥ (ਅੰਗ 740)*

ਉਸ ਤਾਕਤ ਵਰਗਾ ਨਾ ਪਹਿਲਾਂ ਕੋਈ ਹੋਇਆ ਹੈ ਅਤੇ ਨਾ ਹੀ ਅਗਾਂਹ ਹੋਵੇਗਾ। ਇਸ ਕਰਕੇ ਉਸ ਤਾਕਤ ਦੀ ਅਰਾਧਨਾ ਕਰੋ।

**ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ॥**

ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ ਸੱਚੇ ਪਾਤਿਸ਼ਾਹੋ! ਅਗਰ ਸਾਡੇ ਕੋਲੋ ਕੋਈ ਭੁੱਲ, ਗਲਤੀ, ਅਵੱਗਿਆ ਜਾਂ ਮਾਣ ਵਡਿਆਈ ਹੋਈ ਹੈ ਤਦ ਹੁਣ ਤੁਸੀਂ ਜਿੱਦਾਂ ਵੀ ਰੱਖਿਆ ਕਰ ਸਕਦੇ ਹੋ ਜਰੂਰ ਰੱਖਿਆ ਕਰੋ। ਪਰ ਸਾਡੀ ਇੱਕ ਫਰਿਆਦ ਸੁੱਣੋ ਉਸ ਬਾਰੇ ਹਜ਼ੂਰ ਅੱਗੇ ਭੇਦ ਬਖਸ਼ ਰਹੇ ਹਨ।

**ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ॥੧॥ ਰਹਾਉ॥**

ਸੱਚੇ ਪਾਤਿਸ਼ਾਹੋ! ਤੁਹਾਡੇ ਤੋਂ ਬਿਨਾਂ ਮੇਰਾ ਹੋਰ ਕੋਈ ਸਹਾਰਾ ਨਹੀਂ ਹੈ। ਮੇਰੇ ਉਪਰ ਰਹਿਮਤ ਦੀ ਨਦਰ, ਦ੍ਰਿਸ਼ਟੀ ਪਾ ਦਿਓ। ਕਿਉਂਕਿ

*ਨਾਨਕ ਨਦਰੀ ਨਦਰਿ ਨਿਹਾਲ॥੨੮॥ (ਅੰਗ 8)*

ਤਥਾ

*ਨਦਰ ਜਬ ਪੜੀ ਤੋਂ ਬੰਦੇ ਕੋ ਮੌਲਾ ਕਰ ਦੀਆ।*

*ਮਿਹਰ ਮੇਂ ਆਏ ਤੋ ਕਤਰੇ ਕੋ ਦਰਿਆ ਕਰ ਦੀਆ।*

ਹਜ਼ੂਰ! ਅਗਰ ਤੁਸੀਂ ਚਾਹੋ ਤਾਂ ਇੱਕ ਬੂੰਦ ਪਾਣੀ ਨੂੰ ਦਰਿਆ ਬਣਾ ਸਕਦੇ ਹੋ ਅਤੇ ਇਨਸਾਨ ਨੂੰ ਮੌਲਾ ਅਰਥਾਤ ਉਸ ਤਾਕਤ ਦਾ, ਅੱਲਾਹ ਦਾ ਰੂਪ ਦੇ ਸਕਦੇ ਹੋ।

**ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ॥**

ਸੱਚੇ ਪਾਤਿਸ਼ਾਹੋ! ਜਿਸ ਵੀ ਜੀਵ ਨੂੰ ਤੁਸੀਂ ਪੈਦਾ ਕੀਤਾ ਹੈ ਉਸ ਦੀ ਰੱਖਿਆ ਅਤੇ ਪ੍ਰਿਤਪਾਲਣਾ ਆਪ ਕਰ ਰਹੇ ਹੋ। ਫੇਰ ਤੁਸੀਂ ਸੋਚੋਗੇ ਕਿ ਇੱਕ ਅਮੀਰ ਹੈ ਜੋ ਸੁੱਤਾ ਪਿਆ ਹੈ ਅਤੇ ਇੱਕ ਗਰੀਬ ਹੈ ਜੋ ਉਸ ਨੂੰ ਪੱਖਾ ਝੱਲ ਰਿਹਾ ਹੈ। ਉਸ ਦਾ ਇਹ ਅੰਤਰ ਇਸ ਕਰਕੇ ਹੈ ਕਿ ਅਮੀਰ ਨੇ ਪਿਛਲੇ ਜਨਮ ਵਿੱਚ ਭਗਤੀ ਕੀਤੀ ਹੈ ਅਤੇ ਇਸ ਜਨਮ ਵਿੱਚ ਸੁਖ ਮਾਣ ਰਿਹਾ ਹੈ। ਗੁਰਬਾਣੀ ਵਿੱਚ ਵੀ ਦਰਜ ਹੈ ਕਿ

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (ਅੰਗ 134)*

ਅਸੀਂ ਜਿਸ ਤਰ੍ਹਾਂ ਦੇ ਕਰਮ ਕਰਦੇ ਹਾਂ ਉਸੇ ਤਰ੍ਹਾਂ ਦਾ ਫਲ ਇੱਥੇ ਜਾਂ ਅਗਲੇ ਜਨਮ ਵਿੱਚ ਭੋਗਦੇ ਹਾਂ।

**ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ॥੨॥**

ਅਗਰ ਮਾਲਿਕ ਇੱਕ ਵਾਰ ਖੁਸ਼ ਹੋ ਕੇ, ਮਿਹਰਬਾਨ ਹੋ ਕੇ ਬਖਸ਼ਿਸ਼ ਕਰ ਦੇਣ ਫੇਰ ਉਸ ਮਾਲਿਕ ਨੂੰ ਕਦੇ ਨਾ ਵਿਸਾਰੋ। ਇਹ ਨਾ ਸੋਚੋ ਕਿ ਮੈਨੂੰ ਹੁਣ ਇਹਨਾਂ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਸਾਨੂੰ ਉਸ ਮਾਲਿਕ ਦੀ ਸੁਆਸ-ਸੁਆਸ ਨਾਲ ਲੋੜ ਹੈ। ਪਹਿਲਾਂ ਬੇਨਤੀ ਕਰੀਦੀ ਹੈ ਕਿ ਸਾਡੇ ਘਰ ਬੱਚੇ ਦਾ ਜਨਮ ਹੋਵੇ। ਜਦੋਂ ਬੱਚਾ ਹੋ ਜਾਂਦਾ ਹੈ ਫੇਰ ਬੇਨਤੀ ਕਰੀਦੀ ਹੈ ਕਿ ਇਹ ਤੰਦਰੁਸਤ ਰਹੇ, ਇਹ ਲੰਮੀਆਂ ਉਮਰਾਂ ਮਾਣੇ, ਵਧੀਆ ਪੜ੍ਹਾਈ ਕਰੇ, ਵਧੀਆ ਸਰਵਿਸ ਕਰੇ, ਵਿਦੇਸ਼ ਚਲਿਆ ਜਾਵੇ। ਅਗਰ ਲੜਕੀ ਹੈ ਤਾਂ ਵਧੀਆ ਜਵਾਈ ਮਿਲੇ ਅਗਰ ਲੜਕਾ ਹੈ ਤਦ ਵਧੀਆ ਨੂੰਹ ਮਿਲੇ, ਅਗਾਂਹ ਉਹਨਾਂ ਦੇ ਬੱਚੇ ਹੋਣ। ਕੋਈ ਵੀ ਐਸਾ ਸਮਾਂ ਨਹੀਂ ਹੈ ਜਦੋਂ ਸਾਨੂੰ ਉਸ ਮਾਲਿਕ ਦੀ ਲੋੜ ਨਹੀਂ ਹੁੰਦੀ। ਅਗਰ ਬੱਚਾ ਵਿਦੇਸ਼ ਚਲਿਆ ਜਾਂਦਾ ਹੈ ਫੇਰ ਬੇਨਤੀ ਕਰੀਦੀ ਹੈ ਕਿ ਇਹਨਾਂ ਨੂੰ ਪੀ.ਆਰ. ਮਿਲ ਜਾਵੇ, ਆਪਣਾ ਘਰ ਮਿਲ ਜਾਵੇ, ਵਧੀਆ ਗੱਡੀ ਮਿਲ ਜਾਵੇ। ਇੰਝ ਅਸੀਂ ਹਰ ਸਮੇਂ ਉਸ ਮਾਲਿਕ ਤੋਂ ਮੰਗਦੇ ਰਹਿੰਦੇ ਹਾਂ। ਫੇਰ ਅਗਰ ਅਸੀਂ ਵਿਸਾਰਦੇ ਹਾਂ ਤਦ ਕੰਮ ਅਟਕਦੇ ਹਨ। ਇਸੇ ਕਰਕੇ ਅਸੀਂ ਤੁਹਾਨੂੰ ਬਾਰ ਬਾਰ ਬੇਨਤੀ ਕਰਦੇ ਹਾਂ ਉਸ ਦੇਣਹਾਰ ਤਾਕਤ ਨੂੰ ਕਦੇ ਵਿਸਾਰਨਾ ਨਹੀਂ ਚਾਹੀਦਾ।

**ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਕੋਈ ਢਿੱਲ ਮੱਠ ਹੁੰਦੀ ਹੈ ਜਾਂ ਕੋਈ ਕਮੀ ਆਉਂਦੀ ਹੈ ਉਹ ਮਾਲਿਕ ਦੀ ਮੌਜ ਵਿੱਚ ਆ ਰਹੀ ਹੁੰਦੀ ਹੈ। ਉਸ ਨੂੰ ਮਾਲਿਕ ਦਾ ਭਾਣਾ ਸਮਝ ਕੇ ਸਤਿ ਕਰਕੇ ਮੰਨਣਾ ਚਾਹੀਦਾ ਹੈ।

**ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ॥੩॥**

ਹੁਣ ਕੋਈ ਪ੍ਰਾਈਮ ਮਨਿਸਟਰ, ਪ੍ਰੈਜੀਡੈਂਟ ਜਾਂ ਅਫਸਰ ਅੱਜ ਹੈ ਪਰ ਕੱਲ ਨੂੰ ਨਹੀਂ ਹੈ। ਉਹ ਤਾਕਤ ਜੁਗਾਂ ਤੋਂ ਚਲੀ ਆ ਰਹੀ ਹੈ। ਉਹ ਜੁਗਾਂ ਤੋਂ ਆਪਣੇ ਭਗਤਾਂ ਦੀ ਸਹਾਇਤਾ ਕਰਦੀ ਆਈ ਹੈ।

*ਹਰਿ ਜੁਗੁ ਜੁਗੁ ਭਗਤ ਉਪਾਇਆ*

*ਪੈਜ ਰਖਦਾ ਆਇਆ ਰਾਮ ਰਾਜੇ॥*

*ਹਰਣਾਖਸੁ ਦੁਸਟੁ ਹਰਿ ਮਾਰਿਆ*

*ਪ੍ਰਹਲਾਦ ਤਰਾਇਆ॥ (ਅੰਗ 451)*

ਉਹ ਤਾਕਤ ਅੱਜ ਵੀ ਰਾਖੀ ਕਰ ਰਹੀ ਹੈ ਅਗਾਂਹ ਵੀ ਕਰੇਗੀ। ਕਿਉਂਕਿ

*ਕੋਊ ਹਰਿ ਸਮਾਨਿ ਨਹੀ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ*

*ਝੂਠੇ ਕਰਤ ਦਿਵਾਜਾ॥੪॥ (ਅੰਗ 856)*

ਉਸ ਤਾਕਤ ਵਰਗਾ ਦੁਨੀਆਂ ਵਿੱਚ ਕੋਈ ਰਾਜਾ ਨਹੀਂ ਹੈ। ਉਸ ਦਾ ਰਾਜ ਅੱਟਲ ਹੈ।

*ਅਬਿਚਲ ਨਗਰੁ ਗੋਬਿੰਦ ਗੁਰੂ ਕਾ*

*ਨਾਮੁ ਜਪਤ ਸੁਖੁ ਪਾਇਆ ਰਾਮ॥ (ਅੰਗ 783)*

ਉਸ ਰਚਨਹਾਰ ਤਾਕਤ ਦਾ ਰਾਜ ਦੁਨੀਆਂ ਵਿੱਚ ਸਦਾ ਹੀ ਅੱਟਲ ਹੈ। ਉਹ ਕਦੇ ਬਦਲਦਾ ਨਹੀਂ ਹੈ।

**ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ॥**

ਅਗਰ ਕਿਸੇ ਵਕਤ ਕਿਸੇ ਕੰਮ ਵਿੱਚ ਰੁਕਾਵਟ ਆਉਂਦੀ ਹੈ ਉਦੋਂ ਨਾਮ ਜਪਣਾ ਚਾਹੀਦਾ ਹੈ। ਉਦੋਂ ਜੀਵ ਨੂੰ ਝੂਰਨਾ ਨਹੀਂ ਚਾਹੀਦਾ। ਗੁਰਬਾਣੀ ਵਿੱਚ ਵੀ ਦਰਜ ਹੈ ਕਿ

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*

*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥*

*(ਅੰਗ 1429)*

ਅਗਰ ਤੁਸੀਂ ਕਿਸੇ ਦੀ ਕੋਈ ਚੀਜ਼ ਦੇਣੀ ਹੈ ਉਸ ਨੂੰ ਚੇਤੇ ਰੱਖੋ ਉਸ ਦੀ ਚਿੰਤਾ ਨਾ ਕਰੋ। ਜਦੋਂ ਮਾਲਿਕ ਤੁਹਾਨੂੰ ਉਹ ਚੀਜ਼ ਬਖਸ਼ ਦਿੰਦੇ ਹਨ ਤਦ ਉਸ ਨੂੰ ਸਹੀ ਸਲਾਮਤ ਮੋੜ ਦਿਓ। ਅਗਰ ਕਿਸੇ ਵੱਲੋ ਦਿੱਤੀ ਚੀਜ਼ ਨੂੰ ਅਸੀਂ ਉਸ ਨੂੰ ਖੁਸ਼ੀ ਖੁਸ਼ੀ ਮੋੜਦੇ ਹਾਂ ਤਦ ਅਗਾਂਹ ਲਈ ਇਤਬਾਰ ਬਨਿਆ ਰਹਿੰਦਾ ਹੈ।

**ਨਾਨਕ ਦਰਸ ਪਿਆਸ ਲੋਚਾ ਪੂਰੀਐ॥੪॥ ੧॥ ੧੦੯॥**

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਜੀਵ ਦਾ ਕੋਈ ਕੰਮ ਰੁਕਿਆ ਹੈ ਤਦ ਦਰਸ਼ਨਾਂ ਦੀ ਮੰਗ ਕਰੇ ਕਿ ਸੱਚੇ ਪਾਤਿਸ਼ਾਹੋ!

*ਦਰਸਨੁ ਦੇਖਿ ਜੀਵਾ ਗੁਰ ਤੇਰਾ॥*

*ਪੂਰਨ ਕਰਮੁ ਹੋਇ ਪ੍ਰਭ ਮੇਰਾ॥੧॥ (ਅੰਗ 742)*

ਜਿਸ ਦਿਨ ਰਾਤ ਨੂੰ ਦਰਸ਼ਨ ਹੋ ਜਾਣ ਫੇਰ ਸਵੇਰੇ ਉੱਠ ਕੇ ਚਾਹੇ ਢੋਲ ਵਜਾ ਦਿਓ ਕਿ ਮੇਰੇ ਕੰਮ ਹੋ ਗਏ ਹਨ। ਕਿਉਂਕਿ

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*

*ਸੋ ਥਾਨੁ ਸੁਹਾਵਾ ਰਾਮ ਰਾਜੇ॥ (ਅੰਗ 450)*

ਜਿਸ ਦੇਹ ਨੂੰ ਮਾਲਿਕ ਨੇ ਰਾਤ ਆ ਕੇ ਦਰਸ਼ਨ ਦੇ ਦਿੱਤੇ ਉਹ ਦੇਹ ਸੁਹਾਵੀ ਹੋ ਜਾਂਦੀ ਹੈ। ਫੇਰ ਬਾਦਸ਼ਾਹ ਦਾ ਬੱਚਾ ਕਦੇ ਭੁੱਖਾ ਨਹੀਂ ਸੌਂ ਸਰਦਾ। ਇਸ ਕਰਕੇ ਸਾਨੂੰ ਦਰਸ਼ਨਾਂ ਦੀ ਪਿਆਸ ਹੋਣੀ ਚਾਹੀਦੀ ਹੈ ਜਦੋਂ ਦਰਸ਼ਨ ਹੋ ਜਾਣ ਫੇਰ ਸਾਰੀਆਂ ਲੋਚਾਂ ਪੂਰੀਆਂ ਹੋ ਜਾਂਦੀਆਂ ਹਨ।

# ਸਤਿਸੰਗ

**॥ ਰਾਮਕਲੀ ਮਹਲਾ ੫॥ (ਅੰਗ 899)**

**ਨਾ ਤਨੁ ਤੇਰਾ ਨਾ ਮਨੁ ਤੋਹਿ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਐ ਜੀਵ! ਤੂੰ ਆਪਣੇ ਮਨ ਨੂੰ ਸਮਝਾ ਕਿ ਐ ਮਨਾ! ਇਹ ਤਨ ਤੇਰਾ ਨਹੀਂ ਹੈ। ਇਹ ਮਾਲਿਕ ਦਾ ਹੈ ਕਿਉਂਕਿ

*ਹਮ ਆਦਮੀ ਹਾਂ ਇਕ ਦਮੀ*

*ਮੁਹਲਤਿ ਮੁਹਤੁ ਨ ਜਾਣਾ॥ (ਅੰਗ 660)*

ਅਤੇ ਮਨ ਤੈਨੂੰ ਸਿੱਧੇ ਰਸਤੇ ਜਾਣ ਨਹੀਂ ਦਿੰਦਾ। ਜਿਸ ਮਨ ਦੇ ਆਖੇ ਲੱਗ ਕੇ ਤੂੰ ਲੜਾਈਆਂ ਕਰਦਾ ਏਂ, ਮਨ ਦੇ ਕਹੇ ਅਨੁਸਾਰ ਸਾਰਾ ਦਿਨ ਭੱਜਾ ਫਿਰਦਾ ਏਂ ਅਤੇ ਤਨ ਵਿੱਚ ਬੈਠ ਕੇ ਤੂੰ ਅਭਿਮਾਨ ਕਰ ਰਿਹਾ ਏਂ ਉਹ ਤਨ ਅਤੇ ਮਨ ਮਾਲਿਕ ਦਾ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਤੁਧੁ ਆਗੈ ਅਰਦਾਸਿ ਹਮਾਰੀ*

*ਜੀਉ ਪਿੰਡੁ ਸਭੁ ਤੇਰਾ॥ (ਅੰਗ 383)*

ਹਜ਼ੂਰ! ਇਹ ਸੁਆਸ ਵੀ ਅਤੇ ਦੇਹ ਵੀ ਤੁਹਾਡੀ ਬਖਸ਼ੀ ਹੋਈ ਹੈ।

*ਕਹੁ ਨਾਨਕ ਸਭ ਤੇਰੀ ਵਡਿਆਈ*

*ਕੋਈ ਨਾਉ ਨ ਜਾਣੈ ਮੇਰਾ॥੪॥ (ਅੰਗ 383)*

ਹਜ਼ੂਰ! ਅਗਰ ਮੇਰੀ ਕੋਈ ਹੋਂਦ ਹੈ ਤਾਂ ਉਹ ਤੁਹਾਡੀ ਬਖਸ਼ਿਸ਼ ਸਦਕਾ ਹੀ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਐ ਜੀਵ! ਤੂੰ ਆਪਣੇ ਮਨ ਨੂੰ ਗੁਰਬਾਣੀ ਵੱਲ ਨਹੀਂ ਲਾਇਆ ਅਤੇ ਜਿਸ ਤਨ ਦਾ ਤੂੰ ਮਾਣ ਕਰ ਰਿਹਾ ਏਂ ਇਹ ਵੀ ਤੇਰਾ ਨਹੀਂ ਹੈ।

**ਮਾਇਆ ਮੋਹਿ ਬਿਆਪਿਆ ਧੋਹਿ॥**

ਐ ਜੀਵ! ਤੂੰ ਸਿਰਫ਼ ਮਾਇਆ, ਧਨ, ਦੌਲਤ, ਕੋਠੀਆਂ, ਮਹਿਲ, ਮਾੜੀਆਂ, ਅਹੁਦੇ ਚਾਹੁੰਦਾ ਏਂ। ਤੂੰ ਕਦੇ ਵੀ ਹੋਰ ਕੁਝ ਨਹੀਂ ਚਾਹਿਆ। ਤੂੰ ਇਹਨਾਂ ਦੁਨਿਆਵੀ ਚੀਜਾਂ ਪਿੱਛੇ ਭੱਜਾ ਫਿਰਦਾ ਏਂ। ਪਰ

*ਲਖ ਚਉਰਾਸੀਹ ਜੋਨਿ ਸਬਾਈ॥*

*ਮਾਣਸ ਕਉ ਪ੍ਰਭਿ ਦੀਈ ਵਡਿਆਈ॥*

*ਇਸੁ ਪਉੜੀ ਤੇ ਜੋ ਨਰੁ ਚੂਕੈ*

*ਸੋ ਆਇ ਜਾਇ ਦੁਖੁ ਪਾਇਦਾ॥੨॥ (ਅੰਗ 1075)*

ਅਗਰ ਇਸ ਪਉੜੀ ਤੋਂ ਚੁੱਕ ਗਿਆ ਫੇਰ ਪਤਾ ਨਹੀ ਵਾਰੀ ਆਉਣੀ ਹੈ ਜਾਂ ਨਹੀਂ।

**ਕੁਦਮ ਕਰੈ ਗਾਡਰ ਜਿਉ ਛੇਲ॥**

ਹਜ਼ੂਰ ਫੁਰਮਾਉਂਦੇ ਹਨ ਕਿ ਡੱਡੂ ਬਾਰਿਸ਼ ਪੈਣ ਨਾਲ ਗੜੈ ਗੜੈ ਕਰਦੇ ਹਨ। ਬਾਰਿਸ਼ ਵਿੱਚ ਹੀ ਸੱਪ ਜੀਵਾਂ ਨੂੰ ਡੰਗਦੇ ਹਨ ਅਤੇ ਕਈ ਸੱਪ ਐਨੇ ਜਹਿਰੀਲੇ ਹੁੰਦੇ ਹਨ ਕਿ ਉਹਨਾਂ ਦੁਆਰਾ ਡੰਗਿਆਂ ਹੋਇਆ ਜੀਵ ਬਚਦਾ ਨਹੀਂ ਹੈ। ਇਸੇ ਕਰਕੇ ਅਸੀਂ ਤੁਹਾਨੂੰ ਹਮੇਸ਼ਾਂ ਕਹਿੰਦੇ ਹਾਂ ਕਿ ਗਾਰੜੂ ਮੰਤਰ ਦਾ ਪਾਠ ਕਰਿਆ ਕਰੋ ਕਿ

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥*

*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥*

*ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ॥*

*ਨਾਨਕ ਸੇਈ ਉਬਰੇ ਜਿ ਸਚਿ ਰਹੇ ਲਿਵ ਲਾਇ॥੨॥*

*(ਅੰਗ 510)*

ਅਤੇ ਨਾਗ ਨੂੰ ਕਹੋ ਕਿ ਨਾਗ ਦੇਵਤਾ! ਸਾਰੀ ਧਰਤੀ ਤੇਰੀ ਹੈ। ਤੂੰ ਹੋਰ ਕਿਤੇ ਜਾ ਕੇ ਆਪਣਾ ਡੇਰਾ ਲਾ ਲੈ। ਅਸੀਂ ਤਾਂ ਸਿਮਰਨ ਕਰਦੇ ਹਾਂ। ਜਿਸ ਮਾਲਿਕ ਦੇ ਅਸੀਂ ਪੈਦਾ ਕੀਤੇ ਹੋਏ ਹਾਂ ਉਹੋ ਹੀ ਤੈਨੂੰ ਪੈਦਾ ਕਰਨ ਵਾਲਾ ਹੈ।

ਅਸੀਂ ਦੇਖਿਆ ਹੈ ਕਿ ਇੱਥੇ ਸੈਮੀ ਪਿੰਡ ਵਿਖੇ ਬਹੁਤ ਸੱਪ ਸਨ। ਜਦੋਂ ਅਸੀਂ ਬੇਨਤੀ ਕਰਕੇ ਜਲ ਛਿੜਕਿਆ ਤਾਂ ਉਹਨਾਂ ਪਾਸ ਬਹੁਤ ਧਰਤੀ ਸੀ ਜਿੱਥੇ ਉਹਨਾਂ ਦੀ ਮੌਜ ਆਈ ਚਲੇ ਗਏ।

ਸੋਈ ਮਾਲਿਕ ਨੇ ਜਿੰਨੇ ਵੀ ਜੀਆ ਜੰਤ ਪੈਦਾ ਕੀਤੇ ਹਨ ਉਹਨਾਂ ਵਿੱਚ ਵੀ ਸੋਝੀ ਹੈ ਕਿ ਅਸੀਂ ਕੀ ਕਰਨਾ ਹੈ। ਅਗਰ ਕੋਈ ਸੱਪ ਦੀ ਸਪਣੀ ਨੂੰ ਮਾਰ ਦਿੰਦਾ ਹੈ ਤਦ ਸੱਪ ਖਹਿੜਾ ਨਹੀਂ ਛੱਡਦਾ। ਜੇਕਰ ਸੱਪਣੀ ਦੇ ਘਰਵਾਲੇ ਸੱਪ ਨੂੰ ਕੋਈ ਮਾਰ ਦਿੰਦਾ ਹੈ ਤਦ ਉਹ ਵੀ ਖਹਿੜਾ ਨਹੀਂ ਛੱਡਦੀ। ਉਸ ਨੂੰ ਮਾਰਨ ਵਾਲਾ ਬੰਦਾ ਚਾਹੇ ਸਹੁਰੇ ਜਾਂ ਨਾਨਕੇ ਵੀ ਚਲਾ ਜਾਵੇ ਉਹ ਮਗਰ ਜਾ ਕੇ ਡੰਗ ਮਾਰਦੇ ਹਨ। ਇਸੇ ਤਰ੍ਹਾਂ ਊਠ ਵੀ ਖਹਿੜਾ ਨਹੀਂ ਛੱਡਦਾ ਚਾਹੇ ਕਿਤੇ ਵੀ ਲੁਕ ਕੇ ਸੌਂ ਜਾਵੋ ਉਹ ਜੀਵ ਨੂੰ ਛਾਤੀ ਥੱਲੇ ਦੇ ਕੇ ਮਾਰ ਦਿੰਦਾ ਹੈ। ਸੋਈ ਸਰਬਤ ਨੂੰ ਹਜ਼ੂਰ ਨੇ ਸੋਝੀ ਵੀ ਬਖਸ਼ੀ ਹੈ ਇਸੇ ਕਰਕੇ ਸੱਪ ਹਜ਼ੂਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਿਰ ਉੱਪਰ ਆਪਣੀ ਫੰਨ ਨਾਲ ਛਾਂ ਕਰਕੇ ਖਲੋ ਗਿਆ ਸੀ ਕਿ ਇਹ ਪੂਰਨ ਤਾਕਤ ਹਨ ਇਹਨਾਂ ਨੂੰ ਗਰਮੀ ਨਾ ਲੱਗੇ।

**ਅਚਿੰਤੁ ਜਾਲੁ ਕਾਲੁ ਚਕ੍ਰ ਪੇਲ॥ ੧॥**

ਅਗਰ ਤੁਸੀਂ ਕਾਲ ਤੋਂ ਨਿਸ਼ਚਿੰਤ ਰਹਿਣਾ ਚਾਹੁੰਦੇ ਹੋ ਤਦ ਸੰਤਾਂ ਦੇ ਬਚਨ ਮੰਨ ਕੇ, ਗੁਰਬਾਣੀ ਦੇ ਸ਼ਬਦਾ ਦਾ ਸਿਮਰਨ ਕਰਕੇ ਆਪਣੇ ਆਪ ਨੂੰ ਇਸ ਕਾਲ ਦੇ ਜਾਲ ਤੋਂ ਬਚਾ ਲਵੋ। ਅਗਰ ਤੁਸੀਂ ਐਸਾ ਕਰੋਗੇ ਫੇਰ

*ਤੁਝ ਸੇ ਜੀਤ ਸਕੇ ਨ ਕੋਈ।*

*ਗੁਰ ਕਾ ਬਲ ਜੋ ਹਿਰਦੇ ਹੋਈ।*

ਫੇਰ

*ਸਿਰ ਊਪਰਿ ਠਾਢਾ ਗੁਰੁ ਸੂਰਾ॥*

*ਨਾਨਕ ਤਾ ਕੇ ਕਾਰਜ ਪੂਰਾ॥੭॥ (ਅੰਗ 293)*

ਤਥਾ

*ਜਿਸ ਦਾ ਸਹਿਬੁ ਡਾਢਾ ਹੋਇ॥*

*ਤਿਸ ਨੋ ਮਾਰਿ ਨ ਸਾਕੈ ਕੋਇ॥ (ਅੰਗ 842)*

ਸਿਰਫ਼ ਗੁਰਬਾਣੀ ਦੇ ਬਚਨ ਮੰਨਣ ਨਾਲ ਹੀ ਗੱਲ ਬਣਨੀ ਹੈ। ਜਿੱਥੇ ਗੁਰਬਾਣੀ ਆ ਗਈ ਉੱਥੇ ਹੋਰ ਕੁਝ ਨਹੀਂ ਆ ਸਕਣਾ। ਨਾਗਾਂ ਨੇ ਵੀ ਉਥੇ ਆਕੇ ਛਾਇਆ ਕਰਨੀ ਹੈ।

**ਹਰਿ ਚਰਨ ਕਮਲ ਸਰਨਾਇ ਮਨਾ॥**

ਐ ਜੀਵ! ਤੂੰ ਆਪਣੇ ਮਨ ਨੂੰ ਸਮਝਾ ਕਿ ਮਨਾ। ਇੱਧਰ ਉੱਧਰ ਦੀਆਂ ਗੱਲਾਂ ਛੱਡ ਕੇ ਸਿਰਫ਼ ਸਤਿਗੁਰ ਦੇ ਚਰਨਾਂ ਦੀ ਸ਼ਰਨ ਲੈ। ਉਸ ਮਾਲਿਕ ਦੀ ਸ਼ਰਨ 'ਚ ਆ। ਐ ਮਨਾ! ਤੂੰ ਗਿਰ ਜਾਹ। ਚਾਹੇ ਮੰਦਰ 'ਚ ਗਿਰ, ਚਾਹੇ ਚਰਚ 'ਚ ਗਿਰ, ਚਾਹੇ ਮਸਜਿਦ 'ਚ ਗਿਰ ਜਾਂ ਗੁਰਦੁਆਰੇ 'ਚ ਗਿਰ। ਤੂੰ ਆਪਣੇ ਆਪ ਨੂੰ ਉਸ ਮਾਲਿਕ ਦੇ ਸਮਰਪਿਤ ਕਰ ਦੇਅ। ਤੂੰ ਜਿਸ ਨਾਮ ਨਾਲ ਵੀ ਪੁਕਾਰਨਾ ਚਾਹੁੰਦਾ ਏਂ ਉਹੋ ਨਾਮ ਰੱਖ ਲੈ, ਲੇਕਿਨ ਉਸ ਮਾਲਿਕ ਦੇ ਚਰਨਾਂ 'ਚ ਢਹਿ ਢੇਰੀ ਹੋ ਜਾ।

**ਰਾਮ ਨਾਮੁ ਜਪਿ ਸੰਗਿ ਸਹਾਈ**

**ਗੁਰਮੁਖਿ ਪਾਵਹਿ ਸਾਚੁ ਧਨਾ॥੧॥ ਰਹਾਉ॥**

ਜੇਕਰ ਤੁਸੀਂ ਰਾਮ ਨਾਮ ਦਾ ਜਾਪ ਕਰੋਗੇ ਫੇਰ ਤੁਸੀਂ ਜਿਹੜੇ ਦੁਨਿਆਵੀ ਧਨ ਲੱਭਦੇ ਫਿਰਦੇ ਹੋ ਉਹ ਧਨ ਤੁਹਾਡੇ ਮਗਰ ਭੱਜੇ ਫਿਰਨਗੇ।

*ਜੇਕਰ ਹੈ ਸਤਿ ਨਾਮੁ ਨਾਮੁ ਕੀ ਚੇਰੀ ਮਾਇਆ।*

*ਜੋਰੁ ਜਾਇ ਕਹਾ ਖਸਮ ਜਬ ਕੈਦ ਮੇਂ ਆਇਆ।*

ਪਰਿਵਾਰ ਵਿੱਚ ਵਿਚਰਦਿਆਂ ਜਾਂ ਕਾਰੋਬਾਰ, ਕਿਸੇ ਨੌਕਰੀ ਜਾਂ ਕਿਸੇ ਜਹਾਜ ਜਾਂ ਕਾਰ ਵਿੱਚ ਜਾ ਰਹੇ ਹੋ ਅਗਰ ਤੁਸੀਂ ਰਾਮ ਨਾਮ ਦਾ ਸਹਾਰਾ ਲਵੋਗੇ ਤਦ ਤੁਹਾਨੂੰ ਕੋਈ ਵੀ ਪੀੜਾ ਨਹੀਂ ਰਹਿ ਜਾਵੇਗੀ ਸਭ ਕੁਝ ਠੀਕ ਹੋ ਜਾਵੇਗਾ। ਮਾਲਿਕ ਸੰਕਟ ਮੋਚਨ ਬਣ ਕੇ ਤੁਹਾਡਾ ਸੰਕਟ ਨਵਰਿਤ ਕਰ ਦੇਣਗੇ। ਜੋ ਗੁਰਬਾਣੀ ਵਿੱਚ ਦਰਜ ਹੈ ਕਿ

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥੧॥*
*ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ॥*
*ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ॥੧॥ ਰਹਾਉ॥*
*ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ॥*
*ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ॥੨॥*

*(ਅੰਗ 819)*

ਸਤਿਗੁਰ ਜੀਵ ਦੇ ਚਾਰ ਚੁਫੇਰੇ ਰਾਮ ਨਾਮ ਦਾ ਕਿਲਾ ਬਣਾ ਦਿੰਦੇ ਹਨ ਜਿਸ ਸਦਕਾ ਜੀਵ ਨੂੰ ਕੋਈ ਆਂਚ ਨਹੀਂ ਆਉਂਦੀ। ਉਂਝ ਜਿੰਨੀਆਂ ਮਰਜੀ ਗਾਰਦਾਂ ਰੱਖ ਲਵੋ ਰੱਖਿਆ ਤਾਂ ਉਸ ਸਤਿਗੁਰ ਨੇ ਹੀ ਕਰਨੀ ਹੈ।

*ਮਾਰੈ ਰਾਖੈ ਏਕੋ ਆਪਿ॥*
*ਮਾਨੁਖ ਕੈ ਕਿਛੁ ਨਾਹੀ ਹਾਥਿ॥ (ਅੰਗ 281)*

ਉਹ ਸਤਿਗੁਰ ਹੀ ਸਭ ਕੁਝ ਕਰਨ ਵਾਲੇ ਹਨ ਇਸ ਕਰਕੇ ਸਾਨੂੰ ਉਹਨਾਂ ਦੇ ਅੱਗੇ ਹੀ ਅਰਦਾਸਾਂ ਅਤੇ ਬੇਨਤੀਆਂ ਕਰਨੀਆਂ ਚਾਹੀਦੀਆਂ ਹਨ।

# ਸਤਿਸੰਗ

**॥ ਆਸਾ ਮਹਲਾ ੫ ॥ (ਅੰਗ 383)**

**ਤੂੰ ਵਿਸਰਹਿ ਤਾ ਸਭੁ ਕੋ ਲਾਗੂ**
**ਚੀਤਿ ਆਵਹਿ ਤਾਂ ਸੇਵਾ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਾਨੂੰ ਸਿੱਖਿਆ, ਹਿਦਾਇਤ, ਚੇਤਾਵਨੀ ਦੇ ਰਹੇ ਹਨ ਕਿ ਐ ਦੁਨੀਆਂ ਵਾਲਿਓ! ਜਦੋਂ ਅਸੀਂ ਉਸ ਮਾਲਿਕ ਨੂੰ ਵਿਸਰਦੇ ਹਾਂ ਫੇਰ ਸਾਰੀਆਂ ਉਪਾਧੀਆਂ ਭਾਵ ਬਿਮਾਰੀਆਂ, ਝਗੜੇ, ਮੁਕੱਦਮੇ, ਕਲੇਸ਼ ਲਾਗੂ ਹੋ ਜਾਂਦੇ ਹਨ। ਪਰ ਜਦੋਂ ਅਸੀਂ ਉਸ ਮਾਲਿਕ ਨੂੰ ਚੇਤੇ ਕਰਦੇ ਹਾਂ ਤਦ ਉਹ ਮਾਲਿਕ ਸੇਵਾ ਕਬੂਲ ਕਰਕੇ ਸਭ ਕੁਝ ਠੀਕ ਕਰ ਦਿੰਦੇ ਹਨ। ਸੋਈ

*ਸਰਬ ਰੋਗ ਕਾ ਅਉਖਦੁ ਨਾਮੁ॥ (ਅੰਗ 274)*

ਸਿਮਰਨ ਕਰੋ ਬੇਸ਼ੱਕ ਥੋੜ੍ਹਾ ਹੁੰਦਾ ਹੈ ਤਾਂ ਥੋੜ੍ਹਾ ਕਰ ਲਵੋ। ਜਿੰਨਾ ਵੀ ਹੋ ਸਕਦਾ ਹੈ ਜਰੂਰ ਕਰੋ ਪਰ ਉਸ ਮਾਲਿਕ ਨੂੰ ਚੇਤੇ ਜਰੂਰ ਰੱਖੋ।

**ਅਵਰ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ॥**

ਉਸ ਤਾਕਤ ਤੋਂ ਬਗੈਰ ਜਿੰਨੇ ਮਰਜੀ ਡਾਕਟਰਾਂ ਕੋਲੋਂ ਚੈਕ ਐਪ ਕਰਵਾ ਲਵੋ ਤੁਹਾਡੀ ਬਿਮਾਰੀ ਡਾਇਗਨੋਜ ਨਹੀਂ ਹੁੰਦੀ। ਕਈ ਕਹਿੰਦੇ ਹਨ ਕਿ ਸਾਡੇ ਸਿਰ ਪੀੜ ਹੁੰਦੀ ਹੈ। ਦਵਾਈ ਖਾਂਦੇ ਹਾਂ ਪਰ ਠੀਕ ਨਹੀਂ ਹੁੰਦੀ। ਅਸੀਂ ਕਿਹਾ ਸਿਰ ਪੀੜ ਦਾ ਅਰਥ ਹੈ ਕਿ ਤੇਰੀ ਨਜਰ ਕਮਜੋਰ ਹੋ ਰਹੀ ਹੈ ਉਹ ਚੈੱਕ ਕਰਵਾ ਲੈ। ਸੋਈ ਜਦੋਂ ਕੋਈ ਉਪਾਅ ਨਾ ਰਹੇ ਤਦ ਸਿਮਰਨ ਕਰਕੇ ਦੇਖੋ ਉਹ ਬਿਮਾਰੀਆਂ ਠੀਕ ਹੋ ਜਾਣਗੀਆਂ। ਕਈਆਂ ਘਰਾਂ ਵਿੱਚ ਕਲੇਸ਼ ਕਲਪਣਾ, ਬਿਪਤਾ ਖੜੀ ਰਹਿੰਦੀ ਹੈ। ਜਦੋਂ ਉਹ ਆ ਕੇ ਸਤਿਸੰਗ ਸੁਣਦੇ ਹਨ ਤਦ ਸਭ ਕੁਝ ਠੀਕ ਹੋ ਜਾਂਦਾ ਹੈ। ਉਹ ਤਾਕਤ ਅਲਖ ਹੈ ਉਹ ਦੇਖਣ ਵਿਚ ਨਹੀਂ ਆਉਂਦੀ। ਗੁਰਬਾਣੀ ਵਿੱਚ ਦਰਜ ਹੈ ਕਿ

*ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥੧॥*

*(ਅੰਗ 283)*

ਫੇਰ ਉਹ ਅਣਡਿੱਠ ਤਾਕਤ ਆ ਕੇ ਬਖਸ਼ਿਸ਼ ਕਰਦੀ ਹੈ।

**ਚੀਤਿ ਆਵੈ ਤਾਂ ਸਦਾ ਦਇਆਲਾ**

**ਲੋਗਨ ਕਿਆ ਵੇਚਾਰੇ॥**

ਅਗਰ ਅਸੀਂ ਉਸ ਮਾਲਿਕ ਨੂੰ ਚੇਤੇ ਰੱਖੀਏ ਤਦ ਉਹ ਸਦਾ ਦਿਆਲੂ ਰਹਿੰਦੇ ਹਨ। ਲੋਕ ਜੋ ਮਰਜੀ ਵਿਰੋਧਤਾ ਕਰ ਲੈਣ, ਨਿੰਦਿਆ ਕਰ ਲੈਣ ਉਹਨਾਂ ਦੀ ਕੋਈ ਪੇਸ਼ ਨਹੀਂ ਜਾਵੇਗੀ।

**ਬੁਰਾ ਭਲਾ ਕਹੁ ਕਿਸ ਨੋ ਕਹੀਐ**

**ਸਗਲੇ ਜੀਅ ਤੁਮ੍ਾਰੇ॥੧॥ ਰਹਾਉ॥**

ਜਦੋਂ ਅਸੀਂ ਕਿਸੇ ਨੂੰ ਬੁਰਾ ਕਹਿੰਦੇ ਹਾਂ ਉਹ ਵੀ ਮਾਲਿਕ ਦਾ ਜੀਵ ਹੈ ਤਦ ਸਮਝ ਲਵੋ ਕਿ ਅਸੀਂ ਮਾਲਿਕ ਨੂੰ ਬੁਰਾ ਕਹਿ ਰਹੇ ਹਾਂ। ਕਿਉਂਕਿ ਕੋਈ ਵੀ ਘਟ ਮਾਲਿਕ ਤੋਂ ਬਿਨਾਂ ਨਹੀਂ ਹੈ। ਇੰਜ ਅਸੀਂ ਮਾਲਿਕ ਨੂੰ ਬੁਰਾ ਕਹਿ ਕੇ ਆਪਣਾ ਨੁਕਸਾਨ ਕਰ ਲੈਂਦੇ ਹਾਂ।

**ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ॥**

ਸੱਚੇ ਪਾਤਿਸ਼ਾਹੋ! ਮੈਨੂੰ ਆਪਣੀ ਟੇਕ ਅਤੇ ਅਧਾਰ ਬਖਸ਼ੋ।

*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥*

*(ਅੰਗ 256)*

ਹਮੇਸ਼ਾ ਹੱਥ ਦੇ ਕੇ ਮੈਨੂੰ ਡੋਲਤ ਤੋਂ ਵੀ ਬਚਾਵੋ।

**ਜਿਸੁ ਜਨ ਊਪਰਿ ਤੇਰੀ ਕਿਰਪਾ**

**ਤਿਸ ਕਉ ਬਿਪੁ ਨ ਕੋਊ ਭਾਖੈ॥੨॥**

ਸੱਚੇ ਪਾਤਿਸ਼ਾਹੋ! ਗੁਰਬਾਣੀ ਵਿੱਚ ਦਰਜ ਹੈ ਕਿ ਜਿਸ ਪ੍ਰਾਣੀ ਉੱਪਰ ਤੁਹਾਡੀ ਕਿਰਪਾ ਰਹੇਗੀ ਉਸ ਨੂੰ ਕੋਈ ਬਿਪਤਾ ਨਹੀਂ ਆ ਸਕਦੀ।

*ਸਿਰ ਊਪਰਿ ਠਾਢਾ ਗੁਰੁ ਸੂਰਾ॥*

*ਨਾਨਕ ਤਾ ਕੇ ਕਾਰਜ ਪੂਰਾ॥੭॥ (ਅੰਗ 293)*

ਤਥਾ

*ਜਿਸ ਦਾ ਸਾਹਿਬੁ ਡਾਢਾ ਹੋਇ॥*

*ਤਿਸ ਨੋ ਮਾਰਿ ਨ ਸਾਕੈ ਕੋਇ॥ (ਅੰਗ 842)*

**ਓਹੋ ਸੁਖੁ ਓਹਾ ਵਡਿਆਈ**

**ਜੋ ਪ੍ਰਭ ਜੀ ਮਨਿ ਭਾਣੀ॥**

ਉਹੋ ਸੁਖ ਅਤੇ ਵਡਿਆਈ ਚੰਗੀ ਹੈ ਜੋ ਮਾਲਿਕ ਨੂੰ ਚੰਗੀ ਲੱਗਦੀ ਹੈ ਇਸ ਕਰਕੇ

*ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ॥*

*ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ॥੧॥ (ਅੰਗ 755)*

ਲੋਕਾਂ ਦੀ ਸਿਫਤ ਨੂੰ ਕੀ ਕਰਨਾ ਹੈ ਜਦੋਂ ਸਭ ਨੇ ਮਰ ਕੇ ਖਾਕ ਵਿੱਚ ਮਿਲ ਜਾਣਾ ਹੈ।

**ਤੂੰ ਦਾਨਾ ਤੂੰ ਸਦ ਮਿਹਰਵਾਨਾ**

**ਨਾਮੁ ਮਿਲੈ ਰੰਗੁ ਮਾਣੀ॥੩॥**

ਸੱਚੇ ਪਾਤਿਸ਼ਾਹੋ! ਤੁਸੀਂ ਦਾਨੀ ਵੀ ਹੋ, ਸਭ ਕੁਝ ਦੇਣਹਾਰ ਹੋ, ਸਮਰੱਥਾ ਰੱਖਦੇ ਹੋ। ਅਸੀਂ ਤੁਹਾਡਾ ਦਿੱਤਾ ਹੋਇਆ ਰੰਗ ਹੀ ਮਾਣ ਸਕਦੇ ਹਾਂ ਪਰ ਆਪਣੀ ਕਰਤੂਤ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕਦੇ।

**ਤੁਧੁ ਆਗੈ ਅਰਦਾਸਿ ਹਮਾਰੀ**

**ਜੀਉ ਪਿੰਡੁ ਸਭੁ ਤੇਰਾ॥**

ਸੱਚੇ ਪਾਤਿਸ਼ਾਹੋ! ਮੇਰੀ ਤੁਹਾਡੇ ਅੱਗੇ ਅਰਦਾਸ ਹੈ ਕਿ ਮੇਰੀ ਇਹ ਆਤਮਾ ਵੀ ਅਤੇ ਦੇਹ ਵੀ ਤੁਹਾਡੀ ਬਖਸ਼ੀ ਹੋਈ ਹੈ।

**ਕਹੁ ਨਾਨਕ ਸਭ ਤੇਰੀ ਵਡਿਆਈ**

**ਕੋਈ ਨਾਉ ਨ ਜਾਣੈ ਮੇਰਾ॥੪॥੧੦॥੪੯॥**

ਸੱਚੇ ਪਾਤਿਸ਼ਾਹੋ! ਅਗਰ ਲੋਕ ਮੇਰੀ ਸਿਫਤ ਜਾਂ ਸੋਭਾ ਕਰਦੇ ਹਨ ਜਾਂ ਸਤਿਕਾਰ ਦਿੰਦੇ ਹਨ ਤਾਂ ਇਹ ਤੁਹਾਡੀ ਹੀ ਵਡਿਆਈ ਹੈ ਮੇਰੀ ਕੋਈ ਕਰਤੂਤ ਨਹੀਂ ਹੈ। ਹਜ਼ੂਰ ਫੁਰਮਾਉਂਦੇ ਹਨ ਕਿ ਇਸ ਤਰ੍ਹਾਂ ਮਾਲਿਕ ਦੇ ਸਮਰਪਿਤ ਹੋ ਜਾਵੋ ਫੇਰ ਹਜ਼ੂਰ ਸਾਰੀਆਂ ਖੁਸ਼ੀਆਂ ਅਤੇ ਖੇੜੇ ਬਖਸ਼ਦੇ ਹਨ।

# ਸਤਿਸੰਗ

**॥ ਆਸਾ ਮਹਲਾ ੫ ॥** (ਅੰਗ 401)

**ਅੰਤਰਿ ਗਾਵਉ ਬਾਹਰਿ ਗਾਵਉ**
**ਗਾਵਉ ਜਾਗਿ ਸਵਾਰੀ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਿੱਖਿਆ ਬਖਸ਼ ਰਹੇ ਹਨ ਕਿ ਜੀਵ ਨੂੰ ਬੇਨਤੀ ਕਰਨੀ ਚਾਹੀਦੀ ਹੈ ਕਿ

*ਐਸਾ ਲਕਸ਼ ਪਕਾ ਤੂੰ ਮੁਹਸ਼ਦ ਦਾ*
*ਜਬ ਦੇਖਾਂ ਸਾਹਮਣੇ ਤੂੰ ਹੋਵੇਂ।*
*ਅੱਖ ਮੀਟਿਆਂ ਤੇਰੀ ਸ਼ਕਲ ਹੋਵੇ*
*ਅੱਖ ਖੋਹਲਾਂ ਤਾਂ ਸਾਹਮਣੇ ਤੂੰ ਹੋਵੇਂ।*

ਸੱਚੇ ਪਾਤਿਸ਼ਾਹੋ! ਜਿਸ ਤਰ੍ਹਾਂ ਅਸੀਂ ਹੁਣ ਬੋਲ ਕੇ ਯਸ਼ ਗਾ ਰਹੇ ਹਾਂ ਇਸੇ ਤਰ੍ਹਾਂ ਅੰਦਰ ਵੀ ਯਸ਼ ਗਾਈਏ। ਅਸੀਂ ਸਤਿਸੰਗ ਕਰਨ ਤੋਂ ਬਾਅਦ ਵੀ ਜਦੋਂ ਇਥੋਂ ਲੈ ਕੇ ਐਡਮਨਿਸਟਰੇਸ਼ਨ ਬਲਾਕ ਤੱਕ ਜਾਈਏ ਉਦੋਂ ਵੀ ਯਸ਼ ਗਾਉਂਦੇ, ਸਿਮਰਨ ਕਰਦੇ ਜਾਈਏ। ਉਥੇ ਜਾ ਕੇ ਸਿਮਰਨ ਕਰਦੇ ਖਾਣਾ ਖਾਈਏ, ਸਿਮਰਨ ਕਰਦੇ ਲੇਟੀਏ ਫੇਰ ਜਦੋਂ ਉੱਠ ਕੇ ਤੁਰੀਏ ਉਦੋਂ ਵੀ ਤੁਹਾਡਾ ਸਿਮਰਨ ਹੀ ਕਰੀਏ। ਜਿੱਥੇ ਵੀ ਜਾਈਏ ਬੋਲ ਕੇ ਵੀ ਤੁਹਾਡਾ ਯਸ਼ ਕਰੀਏ, ਚੁੱਪ ਕਰਕੇ ਵੀ ਤੁਹਾਡੀ ਸਿਫ਼ਤ ਅਜਪਾ ਜਾਪ ਕਰੀਏ। ਅਸੀਂ ਤੁਹਾਨੂੰ ਕਦੇ ਵੀ ਨਾ ਭੁੱਲੀਏ। ਹਜ਼ੂਰ! ਸਾਡੀ ਐਸੀ ਦਸ਼ਾ ਬਣਾ ਦਿਓ।

**ਸੰਗਿ ਚਲਨ ਕਉ ਤੋਸਾ ਦੀਨ੍ਾ**
**ਗੋਬਿੰਦ ਨਾਮ ਕੇ ਬਿਉਹਾਰੀ॥੧॥**

ਸੱਚੇ ਪਾਤਿਸ਼ਾਹੋ! ਮੈਨੂੰ ਬਾਡੀ ਗਾਰਡਾਂ ਦੀ ਬਜਾਇ ਨਾਮ ਦਾ ਤੋਸਾ, ਨਾਮ ਦਾ ਭੋਜਨ ਬਖਸ਼ੋ ਤਾਂਕਿ ਮੈਂ ਹਮੇਸ਼ਾਂ ਤੁਹਾਡੀ ਸੰਗਤ ਵਿੱਚ ਰਹਾਂ। ਕਿਉਂਕਿ ਮੇਰਾ ਇਹ ਮਨ ਪੱਥਰ ਰੂਪੀ ਹੈ ਜਦੋਂ ਤੱਕ ਸੰਗਤ ਵਿੱਚ ਰਹੇਗਾ ਠੰਢਾ ਰਹੇਗਾ। ਕਈ ਕਹਿੰਦੇ ਹਨ ਕਿ ਪੱਥਰ ਵਿੱਚ ਪਾਣੀ ਨਹੀਂ ਹੁੰਦਾ ਪਰ ਦੇਖਿਓ ਪੱਥਰ ਵਿੱਚ ਉੱਗਿਆ ਹੋਇਆ ਬੂਟਾ ਕਦੇ ਸੁੱਕਦਾ ਨਹੀਂ ਹੈ। ਉਸ ਵਿੱਚ ਬਹੁਤ ਪਾਣੀ ਜ਼ਜ਼ਬ ਹੋਇਆ ਹੁੰਦਾ ਹੈ। ਸੱਚੇ ਪਾਤਿਸ਼ਾਹੋ! ਮੇਰੇ ਮਨ ਦੀ ਰੀਝ ਹੈ ਕਿ ਜਦੋਂ ਤੱਕ ਮੇਰੇ ਆਖਰੀ ਸੁਆਸ ਹਨ ਮੈਂ ਤੁਹਾਡੀ ਸੰਗਤ ਵਿੱਚ ਰਹਾਂ। ਮੇਰੇ ਮਨ ਵਿੱਚ ਕਿਸੇ ਬਾਰੇ ਮਾੜੀ ਸੋਚ ਵੀ ਨਾ ਆਵੇ।

**ਅਵਰ ਬਿਸਾਰੀ ਬਿਸਾਰੀ॥**

ਸੱਚੇ ਪਾਤਿਸ਼ਾਹੋ! ਹੋਰ ਮੈਂ ਜੋ ਮਰਜੀ ਵਿਸਾਰ ਦਿਆਂ, ਭੁੱਲ ਜਾਵਾਂ, ਮੈਨੂੰ ਸਭ ਕੁਝ ਭੁੱਲ ਜਾਵੇ ਪਰ ਤੁਸੀਂ ਨਾ ਭੁੱਲਿਓ।

*ਤੂੰ ਨਾ ਵਿਸਾਰੀ ਮੈਨੂੰ ਸਾਹਿਬਾ*
*ਜੇ ਮੈਂ ਭੁੱਲ ਕੇ ਤੈਨੂੰ ਵਿਸਾਰ ਦਿਆਂ।*

ਹਜ਼ੂਰ! ਅਗਰ ਮੈਂ ਗਲਤੀ ਨਾਲ ਤੁਹਾਨੂੰ ਵਿਸਰ ਵੀ ਜਾਵਾਂ ਤੁਸੀਂ ਤਦ ਵੀ ਮੇਰੀ ਬਾਂਹ ਨਾ ਛੱਡਿਓ, ਤੁਸੀਂ ਮੈਨੂੰ ਨਾ ਵਿਸਾਰਿਓ। ਜੀਵ ਨੂੰ ਇਸ ਤਰ੍ਹਾਂ ਦੀਆਂ ਬੇਨਤੀਆਂ ਹਮੇਸ਼ਾਂ ਕਰਦੇ ਰਹਿਣਾ ਚਾਹੀਦਾ ਹੈ।

**ਨਾਮੁ ਦਾਨੁ ਗੁਰਿ ਪੂਰੈ ਦੀਓ**
**ਮੈ ਏਹੋ ਆਧਾਰੀ॥੧॥ ਰਹਾਉ॥**

ਮਾਲਿਕ ਨੇ ਸਾਨੂੰ ਨਾਮ ਦਾ ਦਾਨ ਦੇਣ ਵਾਲੀ ਕੋਈ ਕਮੀ ਨਹੀਂ ਛੱਡੀ। ਅਸੀਂ ਹੁਣ ਮਾਲਿਕ ਦਾ ਅਧਾਰ ਰੱਖੀਏ। ਸੱਚੇ ਪਾਤਿਸ਼ਾਹੋ! ਕਿਸੇ ਖੁਦੀ ਜਾਂ ਮਾਣ ਵਿੱਚ ਆ ਕੇ ਅਸੀਂ ਇਹ ਨਾ ਕਹਿ ਦੇਇਏ ਕਿ ਅਸੀਂ ਆਹ ਕੀਤਾ ਹੈ ਜਾਂ ਅਸੀਂ ਔਹ ਕੀਤਾ ਹੈ। ਅਸੀਂ ਤਾਂ ਤਦ ਕਹਿੰਦੇ ਅਗਰ ਅਸੀਂ ਕੁਝ ਕੀਤਾ ਹੁੰਦਾ। ਅਸੀਂ ਕੁਝ ਨਹੀਂ ਕੀਤਾ, ਮਾਲਿਕ ਨੇ ਧੱਕੇ ਨਾਲ ਕਰਵਾ ਲਿਆ ਹੈ। ਕਿਉਂਕਿ

*ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ॥*
*(ਅੰਗ 206)*

ਅਸੀਂ ਤਾਂ ਮਾਲਿਕ ਦੇ ਹੱਥ ਦੀ ਕਠਪੁਤਲੀ ਹਾਂ। ਜਿੱਧਰ ਨੂੰ ਮਾਲਿਕ ਡੋਰ ਖਿੱਚਦੇ ਹਨ ਉਹੋ ਹੀ ਕੰਮ ਕਰਵਾ ਲੈਂਦੇ ਹਨ। ਅਸੀਂ ਤਾਂ ਇਕੋ ਬੇਨਤੀ ਕਰਦੇ ਹਾਂ ਕਿ

*ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥ (ਅੰਗ 396)*

ਅਸੀਂ ਹਜ਼ੂਰ ਦੇ ਬੈ-ਖਰੀਦ ਗੁਲਾਮ ਹਾਂ।

*ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥*
*(ਅੰਗ 991)*

ਸੱਚੇ ਪਾਤਿਸ਼ਾਹੋ! ਅਸੀਂ ਤੁਹਾਡਾ ਲੂਣ ਖਾ ਕੇ ਹਰਾਮ ਕਰ ਰਹੇ ਹਾਂ। ਅਗਰ ਤੁਸੀਂ ਬਖਸ਼ ਦੇਵੋਗੇ ਤਾਂ ਉਹ ਤੁਹਾਡੀ ਵਡਿਆਈ ਹੈ ਵਰਨਾ ਅਸੀਂ ਤਾਂ ਬਖਸ਼ੇ ਜਾਣ ਦੇ ਵੀ ਲਾਇਕ ਨਹੀਂ ਹਾਂ।

**ਦੂਖਨਿ ਗਾਵਉ ਸੁਖਿ ਭੀ ਗਾਵਉ**
**ਮਾਰਗਿ ਪੰਥਿ ਸਮ੍ਾਰੀ॥**

ਸੱਚੇ ਪਾਤਿਸ਼ਾਹੋ! ਅਗਰ ਕੋਈ ਦੁਖ ਆਵੇ ਫੇਰ ਵੀ ਮੈਂ

ਤੁਹਾਨੂੰ ਚੇਤੇ ਰੱਖਾਂ। ਸੁੱਖ ਆਵੇ ਤਦ ਵੀ ਤੁਹਾਨੂੰ ਚੇਤੇ ਰੱਖਾਂ। ਮੈਂ ਤੁਹਾਨੂੰ ਕਦੇ ਵੀ ਨਾ ਭੁੱਲਾਂ। ਮੇਰਾ ਇਕ ਮਾਰਗ, ਸੜਕ, ਰਸਤਾ ਬਣ ਜਾਵੇ ਅਤੇ ਮੈਂ ਉਸ ਲਾਈਨ ਤੋਂ ਲਾਂਭੇ ਨਾ ਜਾਵਾਂ।

*ਅਲੀਕੇ ਅਲੀਕੇ ਜਗ ਚਲੇਂ ਅਲੀਕੇ ਚਲੇ ਕਪੂਤ।*

*ਜਿਹ ਤੀਨੋਂ ਲੀਕੇ ਚਲੇਂ ਸੂਰਾ ਸੰਤ, ਸਪੂਤ।*

ਹਜ਼ੂਰ! ਮੈਨੂੰ ਆਪਣਾ ਸਪੁੱਤਰ ਬਣਾ ਲਵੋ। ਮੈਂ ਤੁਹਾਡੀ ਦੱਸੀ ਹੋਈ ਲਾਈਨ ਅਤੇ ਰੇਖਾ ਉੱਪਰ ਚੱਲਾਂ। ਮੇਰੇ ਉੱਪਰ ਇਹ ਦਇਆ ਅਤੇ ਤਰਸ ਕਰੋ ਕਿ ਮੈਂ ਭੁੱਲ ਕੇ ਵੀ ਗਲਤ ਰਾਹੇ ਨਾ ਪਵਾਂ।

**ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ**
**ਮੋਰੀ ਤਿਸ ਬੁਝਾਰੀ॥੨॥**

ਸੱਚੇ ਪਾਤਿਸ਼ਾਹੋ! ਤੁਸੀਂ ਮੈਨੂੰ ਨਾਮ ਦ੍ਰਿੜ ਕਰਵਾਇਆ ਹੈ। ਅਸੀਂ ਕਈ ਵਾਰ ਨਹੀਂ ਵੀ ਚਾਹੁੰਦੇ ਤਦ ਵੀ ਮਾਲਿਕ ਆਪਣੇ ਆਪ ਅੰਦਰ ਨਾਮ ਦਾ ਜਾਪ ਸ਼ੁਰੂ ਕਰਵਾ ਦਿੰਦੇ ਹਨ। ਇਹ ਮਾਲਿਕ ਦੀ ਵਡਿਆਈ ਹੈ। ਜਿਸ ਤਰ੍ਹਾਂ ਮਾਂ ਸੁੱਤੇ ਪਏ ਬੱਚੇ ਨੂੰ ਦੁੱਧ ਪਿਆਉਂਦੀ ਹੈ ਇਸ ਤਰ੍ਹਾਂ ਉਹ ਧੱਕੇ ਨਾਲ ਜਾਪ ਕਰਵਾ ਲੈਂਦੇ ਹਨ।

**ਦਿਨੁ ਭੀ ਗਾਵਉ ਰੈਨੀ ਗਾਵਉ**
**ਗਾਵਉ ਸਾਸਿ ਸਾਸਿ ਰਸਨਾਰੀ॥**

ਹਜ਼ੂਰ! ਮੇਰੇ ਉੱਪਰ ਇਹ ਕਿਰਪਾ ਜਰੂਰ ਕਰੋ ਕਿ ਮੈਂ ਦਿਨੇ ਵੀ ਗਾਵਾਂ, ਰਾਤ ਨੂੰ ਵੀ ਗਾਵਾਂ ਅਰਥਾਤ ਹਰ ਸੁਆਸ ਨਾਲ ਤੁਹਾਡਾ ਯਸ਼ ਕਰਾਂ।

**ਸਤਸੰਗਤਿ ਮਹਿ ਬਿਸਾਸੁ ਹੋਇ**
**ਹਰਿ ਜੀਵਤ ਮਰਤ ਸੰਗਾਰੀ॥੩॥**

ਸੱਚੇ ਪਾਤਿਸ਼ਾਹੋ! ਸਾਡਾ ਸੰਗਤ ਨਾਲ ਬਹੁਤ ਪਿਆਰ ਬਣਾ ਦਿਓ। ਇਹ ਠੀਕ ਹੈ ਕਿ ਸੰਗਤ ਸਾਨੂੰ ਬਹੁਤ ਪਿਆਰ ਕਰਦੀ ਹੈ, ਪਰ ਅਸੀਂ ਇੱਕਲੇ ਹਾਂ ਹੋ ਸਕਦਾ ਹੈ ਕਿ ਸਾਡੇ ਕੋਲੋਂ ਓਨਾ ਪਿਆਰ ਨਾ ਦਿੱਤਾ ਜਾ ਰਿਹਾ ਹੋਵੇ। ਪਰ ਸਾਧ ਸੰਗਤ ਜੀ! ਸਾਡਾ ਥੋੜ੍ਹਾ ਪਿਆਰ ਵੀ ਕਬੂਲ ਕਰ ਲਵੋ। ਪਤਾ ਨਹੀਂ ਮਾਲਿਕ ਨੇ ਕਿੰਨੇ ਸੁਆਸ ਬਖਸ਼ੇ ਹਨ ਪਰ ਅਸੀਂ ਸਤਿ ਦੀ ਸੰਗਤ ਕਰੀਏ ਅਤੇ ਸੰਗਤ ਦੇ ਨਾਲ ਬੈਠੀਏ। ਸਾਨੂੰ ਹੁਣ ਕਿਸੇ ਚੀਜ ਦੀ ਵੀ ਤਮੰਨਾ, ਭੁੱਖ, ਖਾਹਿਸ਼ ਜਾਂ ਚਾਹਤ ਨਹੀਂ ਰਹਿ ਗਈ। ਸਾਡੇ ਮਨ ਵਿੱਚ ਇਕੋ ਰੀਝ ਹੈ ਕਿ ਅਸੀਂ ਹਰ ਸਮੇਂ ਮਾਲਿਕ ਦਾ ਜਾਪ ਕਰੀਏ ਅਤੇ ਸੰਗਤ ਵਿੱਚ ਬੈਠੀਏ। ਸੰਗਤ ਨਾਲ ਪਰਿਵਾਰਿਕ ਬਚਨ ਘੱਟ ਕਰਕੇ ਮਾਲਿਕ ਦਾ ਯਸ਼ ਜਿਆਦਾ ਕਰੀਏ।

**ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ**
**ਪਾਵਉ ਸੰਤ ਰੇਨ ਉਰਿ ਧਾਰੀ॥**

ਸੱਚੇ ਪਾਤਿਸ਼ਾਹੋ! ਮੇਰੀ ਝੋਲੀ ਵਿੱਚ ਇਹ ਦਾਨ ਅਤੇ ਖੈਰ ਪਾ ਦਿਓ ਕਿ ਮੈਂ ਆਪਣੇ ਸੰਤਾਂ ਨੂੰ ਨਾ ਭੁੱਲਾਂ ਜਿਹਨਾਂ ਨੇ ਮੈਨੂੰ ਇਸ ਰਸਤੇ ਪਾਇਆ ਹੈ। ਗੁਰਬਾਣੀ ਹਮੇਸ਼ਾ ਮੇਰੀ ਰੱਖਿਆ ਕਰੇ ਅਤੇ ਤੁਸੀਂ ਵੀ ਮੇਰੇ ਸਿਰ ਉਪਰ ਹਮੇਸ਼ਾ ਮਿਹਰ ਭਰਿਆ ਹੱਥ ਰੱਖਿਓ। ਮੈਂ ਆਪਣੇ ਸੰਤਾਂ ਅਤੇ ਗੁਰਬਾਣੀ ਦਾ ਰਿਣੀ ਰਹਾਂ ਕਿ ਧੰਨ ਗੁਰਬਾਣੀ ਅਤੇ ਸੰਤ ਹਨ ਜਿਹਨਾਂ ਨੇ ਮੈਨੂੰ ਇਸ ਰਸਤੇ ਪਾਇਆ ਹੈ। ਜੀਵ ਨੂੰ ਐਸੀਆਂ ਬੇਨਤੀਆਂ ਅਤੇ ਫਰਿਆਦਾਂ ਕਰਦੇ ਰਹਿਣਾ ਚਾਹੀਦਾ ਹੈ।

**ਸ੍ਰਵਨੀ ਕਥਾ ਨੈਨ ਦਰਸੁ ਪੇਖਉ**
**ਮਸਤਕੁ ਗੁਰ ਚਰਨਾਰੀ॥੪॥੨॥੧੨੨॥**

ਸੰਗਤ ਕੋਲੋਂ ਵੀ ਗੁਰਬਾਣੀ ਦੇ ਬਚਨ ਮੇਰੇ ਕੰਨਾਂ ਵਿੱਚ ਪੈਣ। ਅਗਰ ਮੈਂ ਆਪ ਬੋਲਾਂ ਤਦ ਵੀ ਮੇਰੇ ਕੰਨਾਂ ਵਿੱਚ ਬਚਨ ਪੈਣ। ਮੈਨੂੰ ਸਾਰੀ ਸੰਗਤ ਵਿੱਚ ਤੁਹਾਡਾ ਰੂਪ ਨਜਰ ਆਵੇ। ਅਗਰ ਸੰਗਤ ਕੁਝ ਬੋਲੇ ਤਦ ਮੈਂ ਇਹ ਸਮਝਾਂ ਕਿ ਮੇਰੇ ਹਜ਼ੂਰ ਮੈਨੂੰ ਸਿੱਖਿਆ ਦੇ ਰਹੇ ਹਨ। ਮੇਰੀ ਐਸੀ ਦਸ਼ਾ ਬਣ ਜਾਵੇ ਕਿ ਮੈਨੂੰ ਹਰ ਪਾਸੇ ਹਜ਼ੂਰ ਨਜਰ ਆਉਣ। ਪਰ ਐਸੀ ਰਹਿਣੀ ਸੰਤਾਂ ਦੀ ਹੀ ਹੋ ਸਕਦੀ ਹੈ ਅਤੇ ਸੰਤਾਂ ਵਰਗੇ ਸੰਤ ਹੀ ਹੋ ਸਕਦੇ ਹਨ।

*ਮਿਠ ਬੋਲੜਾ ਜੀ*
*ਹਰਿ ਸਜਣੁ ਸੁਆਮੀ ਮੋਰਾ॥*
*ਹਉ ਸੰਮਲਿ ਥਕੀ ਜੀ*
*ਓਹੁ ਕਦੇ ਨ ਬੋਲੈ ਕਉਰਾ॥*
*ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ*
*ਅਉਗਣੁ ਕੋ ਨ ਚਿਤਾਰੇ॥ (ਅੰਗ 784)*

ਇਨਸਾਨ ਆਪ ਕੁਝ ਨਹੀਂ ਕਰ ਸਕਦਾ। ਹਜ਼ੂਰ ਹੀ ਕਿਰਪਾ ਕਰਕੇ ਜੀਵ ਦੀ ਐਸੀ ਰਹਿਣੀ ਬਣਾ ਸਕਦੇ ਹਨ। ਹਜ਼ੂਰ! ਕਿਰਪਾ ਕਰੋ ਕਿ ਮੈਂ ਹਮੇਸ਼ਾ ਕੰਨਾਂ ਨਾਲ ਯਸ਼ ਸੁਣਾਂ ਅੱਖਾਂ ਨਾਲ ਮਾਲਿਕ ਦੇ ਦਰਸ਼ਨ ਕਰਾਂ ਅਤੇ ਖਿਆਲ ਵਿੱਚ ਵੀ ਮੇਰਾ ਮਸਤਕ ਮਾਲਿਕ ਦੇ ਚਰਨਾਂ ਵਿੱਚ ਨਿਵਿਆਂ ਰਹੇ।

*ਖਾਤੇ ਪੀਤੇ ਚਲਤੇ ਫਿਰਤੇ*
*ਸੋਵਤ ਜਾਗਤ ਬਿਸਰ ਨਹੀਂ ਜਾਤ।*

ਹਜ਼ੂਰ! ਮੈਂ ਤੁਹਾਨੂੰ ਕਦੇ ਵੀ ਨਾ ਵਿਸਰਾਂ। ਮੇਰੀ ਐਸੀ ਰਹਿਣੀ ਬਣਾ ਦਿਓ। ਮੇਰੀ ਇਹੋ ਤੜਪ ਅਤੇ ਖਾਹਿਸ਼ ਹੈ।

ਅਸੀਂ ਬੇਨਤੀ ਕਰਦੇ ਹਾਂ ਕਿ ਸੱਚੇ ਪਾਤਿਸ਼ਾਹੋ! ਪਹਿਲੀ ਜ਼ਿੰਦਗੀ ਵੀ ਵਧੀਆ ਬੀਤ ਗਈ ਹੈ ਅਗਾਂਹ ਵੀ ਕਿਰਪਾ ਕਰਕੇ ਵਧੀਆ ਬਿਤਾਇਓ ਅਤੇ ਬਗੈਰ ਦਾਗ ਤੋਂ ਪੂਰੀ ਕਰਿਓ ਤਾਂਕਿ ਤੁਹਾਡੇ ਨਾਮ ਨੂੰ ਕੋਈ ਧੱਬਾ ਨਾ ਲੱਗ ਸਕੇ, ਤੁਹਾਨੂੰ ਕੋਈ ਉਲਾਹਮਾ ਨਾ ਆਵੇ।

ਮੇਰਾ ਕੀ ਗਰੀਬ ਦਾ ਜਾਣਾ, ਧੱਕੇ ਪੈਣੇ ਤੇਰੇ ਨਾਮ ਨੂੰ। ਹਜ਼ੂਰ! ਕੋਈ ਇਹ ਨਾ ਕਹੇ ਕਿ ਉਹ ਕਹਿੰਦੇ ਸਨ ਕਿ ਗੁਰਬਾਣੀ ਹੀ ਸਭ ਕੁਝ ਹੈ। ਫੇਰ ਇੰਝ ਕਿਉਂ ਹੋਇਆ? ਕਿਸੇ ਵਕਤ ਇਨਸਾਨ ਖੁਦੀ ਜਾਂ ਅਭਿਮਾਨ ਵਿੱਚ ਆ ਕੇ ਐਸੀ ਗੱਲ ਕਰ ਦਿੰਦਾ ਹੈ ਕਿ ਉਸ ਦਾ ਖਮਿਆਜਾ ਬਹੁਤ ਔਖਾ ਭੋਗਣਾ ਪੈਂਦਾ ਹੈ।

# ਸਤਿਸੰਗ

**ਰਾਗੁ ਗਉੜੀ ਬਾਣੀ ਸ੍ਰੀ ਕਬੀਰ ਜੀਉ ਕੀ**

**(ਅੰਗ 339)**

**॥ ਗਉੜੀ॥**

**ਖਟ ਨੇਮ ਕਰਿ ਕੋਠੜੀ ਬਾਂਧੀ**
**ਬਸਤੁ ਅਨੂਪੁ ਬੀਚ ਪਾਈ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਕਬੀਰ ਸਾਹਿਬ ਜੀ ਪੂਰਨ ਸੰਤ ਸਤਿਗੁਰੂ ਸਾਡੇ ਹਿੱਤ ਵਾਸਤੇ ਭੇਦ ਬਖਸ਼ ਰਹੇ ਹਨ ਕਿ ਕਿਸੇ ਮਾਲ, ਦੁਕਾਨ ਜਾਂ ਹੱਟੀ ਦੇ ਵਿੱਚ ਕੋਈ ਚੀਜ ਸਾਹਮਣੇ ਨਹੀਂ ਪਈ ਹੁੰਦੀ ਕਿ ਜਿਹੜਾ ਵੀ ਬੰਦਾ ਆਵੇ ਉਸ ਨੂੰ ਚੁੱਕ ਕੇ ਭੱਜ ਜਾਵੇ। ਇਸੇ ਤਰ੍ਹਾਂ ਸੰਤਾਂ ਨੇ ਵੀ ਉਸ ਦਾਤ ਨੂੰ ਸੇਫ ਗਾਰਡ ਦੇ ਤੌਰ ਤੇ ਰੱਖਿਆ ਹੁੰਦਾ ਹੈ। ਦੁਨਿਆਵੀ ਤੌਰ 'ਤੇ ਵੀ ਜੋ ਸੇਫ ਹੁੰਦੇ ਹਨ ਉਹਨਾਂ ਨੂੰ ਦੋ-ਦੋ ਤਿੰਨ-ਤਿੰਨ ਚਾਬੀਆਂ ਲੱਗਦੀਆਂ ਹਨ ਫੇਰ ਉਹ ਖੁੱਲਦੇ ਹਨ। ਉਹ ਐਨੇ ਭਾਰੇ ਹੁੰਦੇ ਹਨ ਕਿ ਉਹਨਾਂ ਨੂੰ ਸਿਰਫ ਕਰੇਨਾਂ ਹੀ ਚੁੱਕ ਕੇ ਲਿਜਾ ਸਕਦੀਆਂ ਹਨ। ਪਰ ਉਸ ਤਾਕਤ ਦਾ ਨਾਮ ਬਹੁਤ ਹੀ ਭਾਰਾ ਹੈ। ਉਹਨਾਂ ਨੇ ਨਾਮ ਨੂੰ ਇੱਕ ਕੋਠੜੀ ਵਿੱਚ ਰੱਖਿਆ ਹੈ ਜਿਸ ਦਾ ਦਰਵਾਜਾ ਕਿਸੇ ਕੋਲੋਂ ਖੁੱਲਦਾ ਨਹੀਂ ਹੈ ਉਥੋਂ ਤੱਕ ਕੋਈ ਪਹੁੰਚ ਵੀ ਨਹੀਂ ਸਕਦਾ।

**ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ**
**ਕਰਤੇ ਬਾਰ ਨ ਲਾਈ॥੧॥**

ਹਜ਼ੂਰ ਫੁਰਮਾਉਂਦੇ ਹਨ ਕਿ

*ਨਉ ਦਰ ਠਾਕੇ ਧਾਵਤੁ ਰਹਾਏ॥*
*ਦਸਵੈ ਨਿਜ ਘਰਿ ਵਾਸਾ ਪਾਏ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦੁ ਸੁਣਾਵਣਿਆ॥੬॥*
*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ॥੭॥ (ਅੰਗ 124)*

ਹਜ਼ੂਰ ਫੁਰਮਾਉਂਦੇ ਹਨ ਕਿ ਉਸ ਕੋਠੜੀ ਦੀ, ਉਸ ਸੇਫ ਦੀ ਜਾਂ ਜੋ ਵੀ ਉਥੇ ਸੰਭਾਲਿਆ ਹੈ ਉਸ ਦੀ ਚਾਬੀ ਸੰਤਾਂ ਕੋਲ ਹੁੰਦੀ ਹੈ। ਉਹਨਾਂ ਤੋ ਬਗੈਰ ਉਸ ਨੂੰ ਕੋਈ ਖੋਹਲ ਨਹੀਂ ਸਕਦਾ। ਅਗਰ ਕੋਈ ਖੋਹਲ ਸਕਦਾ ਹੋਵੇ ਤਦ ਬਾਦਸ਼ਾਹ ਡਾਂਗਾਂ ਨਾਲ ਧੱਕੇ ਨਾਲ ਉਸ ਨੂੰ ਖੁਲਵਾ ਲੈਣ। ਕੁਲਫੁ ਅਰਥਾਤ ਇੱਕ ਨੰਬਰਾਂ ਨਾਲ ਖੁਲਣ ਵਾਲੇ ਜਿੰਦਰੇ ਵੀ ਹੁੰਦੇ ਹਨ। ਉਸ ਸੇਫ਼ ਨੂੰ ਚਾਬੀ ਵੀ ਲੱਗੇ ਅਤੇ ਨੰਬਰਾਂ ਦਾ ਵੀ ਪਤਾ ਹੋਵੇ ਕਿ ਉਹ ਕਿੱਧਰ ਨੂੰ ਘੁੰਮਣੇ ਹਨ ਅਤੇ ਕਿਹੜੇ ਨੰਬਰ 'ਤੇ ਜਾ ਕੇ ਤਾਲਾ ਖੁੱਲਣਾ ਹੈ। ਸੋਈ ਇਹ ਰਹਿਮਤ ਸੰਤਾਂ ਨੇ ਆਪਣੇ ਹੱਥ ਵਿੱਚ ਰੱਖੀ ਹੁੰਦੀ ਹੈ। ਹਜ਼ੂਰ ਜਿਸ ਉੱਪਰ ਮਿਹਰਵਾਨ ਹੁੰਦੇ ਹਨ ਉਸੇ ਨੂੰ ਉਹ ਦਾਤ ਬਖਸ਼ਦੇ ਹਨ।

**ਅਬ ਮਨ ਜਾਗਤ ਰਹੁ ਰੇ ਭਾਈ॥**

ਸਾਨੂੰ ਆਪਣੇ ਮਨ ਨੂੰ ਜਗਾਉਣਾ ਪੈਣਾ ਹੈ ਕਿ ਐ ਮਨਾ! ਫਰੇਬ, ਡਰਾਮਾ, ਜਾਂ ਸ਼ੋਸ਼ੇਬਾਜੀ ਕੀਤਿਆਂ ਗੱਲ ਨਹੀਂ ਬਣਨੀ।

ਅਸੀਂ ਤੁਹਾਨੂੰ ਦੁਨਿਆਵੀ ਮਿਸਾਲ ਦੇਣ ਲੱਗੇ ਹਾਂ ਕਿ ਪਿੰਡਾਂ ਦੇ ਲੋਕ ਸੰਗਰੂਰ, ਧਨੌਲੇ ਵੱਲ ਮੱਝਾਂ ਖਰੀਦਣ ਜਾਇਆ ਕਰਦੇ ਸਨ। ਕੋਈ ਦੋ ਭਰਾ ਜਾਂ ਦੋਸਤ ਮੱਝਾਂ ਖਰੀਦ ਕੇ ਲੈ ਆਏ। ਮੱਝਾਂ ਸੂਣ ਵਾਲੀਆਂ ਸਨ। ਰਸਤੇ ਵਿੱਚ ਇੱਕ ਜਣਾ ਸੌਂ ਗਿਆ ਅਤੇ ਦੂਸਰਾ ਜਾਗਦਾ ਰਿਹਾ। ਉਹਨਾਂ ਦੋਵਾਂ ਦੀਆਂ ਮੱਝਾਂ ਰਾਤ ਨੂੰ ਇੱਕਠੀਆਂ ਸੂ ਪਈਆਂ। ਜਿਹੜਾ ਜਾਗ ਰਿਹਾ ਸੀ ਉਸ ਨੇ ਦੇਖਿਆ ਕਿ ਮੇਰੀ ਮੱਝ ਨੇ ਕੱਟਾ ਦਿੱਤਾ ਹੈ ਅਤੇ ਜਿਹੜਾ ਸੁੱਤਾ ਸੀ ਉਸ ਦੀ ਮੱਝ ਨੇ ਕੱਟੀ ਦਿੱਤੀ ਹੈ। ਜਦੋਂ ਮੱਝਾਂ ਗਾਈਆਂ ਤਾਜਾ-ਤਾਜਾ ਕੱਟਾ ਵੱਛਾ ਜੰਮਦੀਆਂ ਹਨ ਤਾਂ ਉਸ ਵਕਤ ਜਿਹੜਾ ਵੀ ਕੱਟਾ ਵੱਛਾ ਉਸ ਮੱਝ ਦੇ ਹਵਾਲੇ ਨਾਲ ਲਾ ਦਿਓ ਉਹ ਮੱਝ ਉਸੇ ਨੂੰ ਚੱਟ ਕੇ ਆਪਣਾ ਸਮਝਣ ਲੱਗ ਪੈਂਦੀ

ਹੈ। ਇਸ ਕਰਕੇ ਜਾਗਦੇ ਹੋਏ ਜੀਵ ਨੇ ਆਪਣੀ ਮੱਝ ਦਾ ਕੱਟਾ ਉਸ ਦੀ ਮੱਝ ਵੱਲ ਕਰ ਦਿੱਤਾ ਅਤੇ ਉਸ ਦੀ ਮੱਝ ਦੀ ਕੱਟੀ ਆਪਣੀ ਮੱਝ ਵੱਲ ਕਰ ਲਈ। ਜਦੋਂ ਦੂਸਰਾ ਜੀਵ ਸੁੱਤਾ ਪਿਆ ਉੱਠਿਆ ਤਾਂ ਉਹ ਕਹਿਣ ਲੱਗਾ ਭਰਾਵਾ, ਤੂੰ ਭਾਗਾਂ ਵਾਲਾ ਏਂ ਤੇਰੀ ਮੱਝ ਨੇ ਕੱਟੀ ਦਿੱਤੀ ਹੈ ਅਤੇ ਮੇਰੀ ਮੱਝ ਨੇ ਕੱਟਾ ਦਿੱਤਾ ਹੈ। ਉਹ ਅੱਗਿਓ ਕਹਿਣ ਲੱਗਾ ਨਾ ਭਾਈ!

*ਜਾਗਦਿਆਂ ਦੀਆਂ ਕੱਟੀਆਂ, ਸੱਤਿਆਂ ਦੇ ਕੱਟੇ।*

ਭਾਵ ਮੈਂ ਜਾਗ ਰਿਹਾ ਸੀ ਇਸ ਕਰਕੇ ਮੇਰੀ ਕੱਟੀ ਬਣ ਗਈ ਅਤੇ ਤੂੰ ਸੁੱਤਾ ਪਿਆ ਸੀ ਤੇਰਾ ਕੱਟਾ ਬਣ ਗਿਆ। ਸੰਤਾਂ ਨੇ ਫੁਰਮਾਨ ਕੀਤਾ ਹੈ ਕਿ

*ਉੱਚੇ ਖਾਸੇ ਮਹਿਲ 'ਤੇ ਦੇਵੇ ਬਾਂਗ ਖੁਦਾਇ।*
*ਸੁੱਤੇ ਲੋਕ ਨਹੀਂ ਜਾਗਦੇ ਰਿਹਾ ਖੁਦਾ ਜਗਾਇ।*
*ਸੁਤੀ ਪਈ ਨਾਭਾਗ ਸਭ ਸੁਣੇ ਨ ਬਾਗਾਂ ਕੋਇ।*
*ਜਾਗਣਗੇ ਸੋ ਲੈਣਗੇ ਸਾਈਂ ਸੰਦੀ ਸੋਇ।*

ਜਿਹੜੇ ਜੀਵ ਸਾਂਈ ਨਾਲ ਸੋਹ ਰੱਖ ਕੇ ਰਾਤ ਜਾਗ ਕੇ ਸਿਮਰਨ ਕਰਨਗੇ ਉਹਨਾਂ ਨੂੰ ਇਹ ਦਾਤ ਮਿਲਣੀ ਹੈ। ਉਹਨਾਂ ਵਾਸਤੇ ਸੰਤਾਂ ਨੇ ਚਾਬੀ ਨਾਲ ਉਸ ਕੋਠੜੀ ਨੂੰ ਖੋਲ੍ਹਣਾ ਹੈ। ਹਜ਼ੂਰ ਕਬੀਰ ਸਾਹਿਬ ਜੀ ਨੇ ਬਹੁਤ ਬੁਝਾਰਤਾਂ, ਮੁੰਧਾਵਣੀਆਂ ਪਾਈਆਂ ਹਨ ਕਿ ਜੋ ਵੀ ਦਾਤਾਂ ਹਨ ਉਹ ਜਾਗਦਿਆਂ ਨੂੰ ਮਿਲਣੀਆਂ ਹਨ, ਸੁੱਤਿਆਂ ਨੂੰ ਨਹੀਂ ਮਿਲਣੀਆਂ।

ਅਸੀਂ ਦੁਨੀਆਵੀ ਮਿਸਾਲ ਦਿੱਤੀ ਹੈ। ਦੁਨਿਆਵੀ ਤੌਰ 'ਤੇ ਹੇਰਾ ਫੇਰੀ ਹੋ ਵੀ ਜਾਂਦੀ ਹੈ ਅਤੇ ਫੜੀ ਵੀ ਜਾਂਦੀ ਹੈ। ਕਿਵੇਂ ਕਿ ਦੋ ਜੀਵ ਮੱਝਾਂ ਖਰੀਦਣ ਜਾ ਰਹੇ ਸਨ। ਉਹਨਾਂ ਨੇ ਆਪਣੇ ਕੋਲ ਰੋਟੀ ਪਕਾਉਣ ਦਾ ਸਮਾਨ ਵੀ ਰੱਖਿਆ ਸੀ। ਰਸਤੇ ਵਿੱਚ ਉਹ ਰੋਟੀ ਬਣਾਉਣ ਲੱਗ ਪਏ। ਇੱਕ ਬੰਦਾ ਦਾਲ ਸਬਜੀ ਬਣਾ ਰਿਹਾ ਸੀ, ਦੂਸਰਾ ਰੋਟੀਆਂ ਪਕਾ ਰਿਹਾ ਸੀ। ਸਬਜੀ ਬਣਾਉਣ ਵਾਲੇ ਨੇ ਦੇਖਿਆ ਕਿ ਰੋਟੀਆਂ ਪਕਾਉਂਣ ਵਾਲਾ ਆਪਣੀ ਰੋਟੀ ਦੇ ਪੇੜੇ ਵੱਡੇ ਕਰ ਰਿਹਾ ਸੀ ਅਤੇ ਉਸ ਵਾਸਤੇ ਛੋਟੇ ਕਰ ਰਿਹਾ ਸੀ। ਜਦੋਂ ਸ੍ਰੀ ਨਗਰ ਲੜਾਈ ਲੱਗੀ ਸੀ ਤਾਂ ਅਸੀਂ ਉੱਥੇ ਗਏ ਸੀ। ਉਥੇ ਰੋਟੀਆ ਘੱਟ ਮਿਲਦੀਆਂ ਸਨ ਅਤੇ ਇੰਝ ਹੀ ਉਥੇ ਦੇਖਿਆ ਕਿ ਲਾਂਗਰੀ ਨੇ ਕਿਸੇ ਨੂੰ ਮੋਟੀ ਰੋਟੀ ਦੇ ਦੇਣੀ ਕਿਸੇ ਨੂੰ ਪਤਲੀ ਦੇ ਦੇਣੀ। ਜਦੋਂ ਸ਼ਿਕਾਇਤ ਹੋਈ ਤਾਂ ਉਹਨਾਂ ਨੇ ਤੱਕੜੀ ਰੱਖ ਲਈ ਅਤੇ ਫੇਰ ਹਰ ਬੰਦੇ ਨੂੰ ਤੋਲ ਕੇ ਰੋਟੀਆਂ ਮਿਲਦੀਆਂ ਸਨ। ਉਥੇ ਅਸੀਂ ਦਰਖਤਾਂ ਦੇ ਪੱਤੇ ਵੀ ਖਾਧੇ। ਜਦੋਂ ਸਬਜੀ ਬਣਾਉਣ ਵਾਲੇ ਨੇ ਦੇਖਿਆ ਕਿ ਉਹ ਆਪਣੀ ਰੋਟੀ ਨੂੰ ਬਹੁਤਾ ਆਟਾ ਲਗਾ ਰਿਹਾ ਹੈ ਤਾਂ ਉਸ ਨੇ ਦਾਲ ਦੇ ਪਤੀਲੇ ਵਿਚੋਂ ਤਿੰਨ ਚਾਰ ਬਾਟੀਆਂ ਦਾਲ ਦੀਆਂ ਪੀ ਲਈਆਂ ਕਿ ਜਿੰਨਾਂ ਤੂੰ ਮੇਰੀਆਂ ਰੋਟੀਆਂ ਨੂੰ ਆਟਾ ਘੱਟ ਲਾਇਆ ਹੈ ਓਨੀ ਮੈਂ ਦਾਲ ਵੱਧ ਪੀ ਲੈਂਦਾ ਹਾਂ। ਸੋਈ

*ਐਸੇ ਕੋ ਤੈਸਾ ਮਿਲੇ ਸੁਣ ਵੇ ਰਾਜਾ ਭੀਲ।*
*ਸੌ ਮਣ ਲੋਹਾ ਘੁਣ ਖਾ ਗਿਆ, ਲੜਕਾ ਲੈ ਗਈ ਚੀਲ।*

ਕੋਈ ਜੀਵ ਕਿਤੇ ਜਾਣ ਲੱਗਿਆਂ ਕਿਸੇ ਦੂਸਰੇ ਨੂੰ ਕਹਿ ਗਿਆ ਕਿ ਆਹ ਮੇਰਾ ਸੌ ਮਣ ਲੋਹਾ ਪਿਆ ਹੈ ਇਸ ਦਾ ਧਿਆਨ ਰੱਖੀਂ। ਜਦੋਂ ਉਹ ਵਾਪਸ ਆਇਆ ਤਾਂ ਉਸ ਨੇ ਰਾਖੀ ਕਰਨ ਵਾਲੇ ਨੂੰ ਪੁੱਛਿਆ ਕਿ ਮੇਰਾ ਲੋਹਾ ਕਿੱਥੇ ਹੈ? ਉਹ ਕਹਿਣ ਲੱਗਾ ਉਸ ਨੂੰ ਘੁਣ ਖਾ ਗਿਆ ਹੈ। ਹੁਣ ਸਭ ਨੂੰ ਪਤਾ ਹੈ ਕਿ ਲੱਕੜਾਂ ਨੂੰ ਘੁਣ ਲੱਗ ਸਕਦਾ ਹੈ, ਪਰ ਲੋਹੇ ਨੂੰ ਘੁਣ ਨਹੀਂ ਲੱਗ ਸਕਦਾ। ਲੋਹੇ ਦਾ ਮਾਲਿਕ ਬੜਾ ਤੇਜ ਦਿਮਾਗ ਸੀ। ਉਸ ਨੇ ਰਾਖੀ ਕਰਨ ਵਾਲੇ ਜੀਵ ਦਾ ਲੜਕਾ ਚੁੱਕ ਲਿਆ, ਅਗਵਾ ਕਰ ਲਿਆ। ਰਾਖੀ ਕਰਨ ਵਾਲਾ ਉਸ ਨੂੰ ਪੁੱਛਣ ਲੱਗਾ ਯਾਰ! ਤੂੰ ਮੇਰਾ ਮੁੰਡਾ ਕਿਤੇ ਦੇਖਿਆ ਹੈ? ਉਹ ਕਹਿਣ ਲੱਗਾ ਕਿ ਤੇਰਾ ਮੁੰਡਾ ਇੱਥੇ ਖੇਡ ਰਿਹਾ ਸੀ ਇੱਕ ਇੱਲ ਆਈ ਅਤੇ ਉਸ ਨੂੰ ਚੁੱਕ ਕੇ ਲੈ ਗਈ। ਉਹ ਕਹਿਣ ਲੱਗਾ ਯਾਰ, ਇੱਲ ਐਨੇ ਵੱਡੇ ਬੱਚੇ ਨੂੰ ਚੁੱਕ ਕੇ ਨਹੀਂ ਲਿਜਾ ਸਕਦੀ। ਤਦ ਲੋਹੇ ਵਾਲਾ ਕਹਿਣ ਲੱਗਾ ਕਿ

*ਐਸੇ ਕੋ ਤੈਸਾ ਮਿਲੇ ਸੁਣ ਵੇ ਰਾਜਾ ਭੀਲ।*
*ਸੌ ਮਣ ਲੋਹਾ ਘੁਣ ਖਾ ਗਿਆ, ਲੜਕਾ ਲੈ ਗਈ ਚੀਲ।*

ਅਗਰ ਸੌ ਮਣ ਲੋਹੇ ਨੂੰ ਘੁਣ ਖਾ ਸਕਦਾ ਹੈ ਤਦ ਤੇਰੇ ਲੜਕੇ ਨੂੰ ਵੀ ਇੱਲ ਚੁੱਕ ਕੇ ਲਿਜਾ ਸਕਦੀ ਹੈ। ਤਦ ਉਹ ਕਹਿਣ ਲੱਗਾ ਕਿ ਮੇਰਾ ਪੁੱਤ ਮੋੜ ਦੇ, ਮੈਂ ਜਿੱਥੇ ਤੇਰਾ ਸੌ ਮਣ ਲੋਹਾ ਲਿਜਾ ਕੇ ਰੱਖਿਆ ਹੈ ਉਥੋਂ ਲਿਆ ਕੇ ਦੇ ਦਿੰਦਾ ਹਾਂ।

ਇਥੇ ਦੁਨੀਆਂ ਵਿੱਚ ਤਕੜਾ ਬੰਦਾ ਦੂਸਰੇ ਨੂੰ ਮਨਾ ਲੈਂਦਾ ਹੈ ਪਰ ਉਸ ਸਾਹਿਬ ਨਾਲ ਕੋਈ ਜੋਰ ਨਹੀ ਚਲਦਾ। ਉਥੇ ਨਾ ਹੀ ਹੇਰਾ ਫੇਰੀ, ਨਾ ਬੇਈਮਾਨੀ, ਨਾ ਹੀ ਚਤੁਰਾਈ ਚੱਲਦੀ ਹੈ। ਉਸ ਦਾਤ ਨੂੰ ਨਾ ਹੀ ਪੈਸੇ ਦੇ ਜੋਰ ਨਾਲ, ਨਾ ਹੀ ਤਲਵਾਰ ਦੇ ਜੋਰ ਨਾਲ ਲਿਆ ਜਾ ਸਕਦਾ ਹੈ। ਉਹਨਾਂ ਅੱਗੇ ਅਰਦਾਸਾਂ, ਤਰਲੇ, ਜੋਦੜੀਆਂ ਚੱਲਦੀਆਂ ਹਨ ਉਂਝ ਉਹ ਦਾਤ ਨਹੀਂ ਮਿਲਦੀ।

**ਗਾਫਲੁ ਹੋਇ ਕੈ ਜਨਮੁ ਗਵਾਇਓ**
**ਚੋਰੁ ਮੁਸੈ ਘਰੁ ਜਾਈ॥੧॥ ਰਹਾਉ॥**

ਗਾਫਲ ਅਰਥਾਤ ਪਾਗਲ ਜਿਸ ਦਾ ਦਿਮਾਗ ਕੰਮ ਨਾ ਕਰੇ। ਗਾਫਲ ਜੀਵ ਦੇ ਘਰ ਕਾਮ, ਕਰੋਧ, ਲੋਭ, ਮੋਹ, ਹੰਕਾਰ ਵਾਸਾ ਕਰ ਲੈਂਦੇ ਹਨ। ਜੀਵ ਸਭ ਤੋਂ ਜਿਆਦਾ ਕਰੋਧ ਵਿੱਚ ਆ ਕੇ ਪਾਗਲ ਹੁੰਦਾ ਹੈ। ਕੁੱਤਾ ਜਦੋਂ ਹਲਕਾਇਆ ਹੋ ਜਾਂਦਾ ਹੈ ਉਹ ਆਪਣਾ ਜਾਂ ਬੇਗਾਨਾ ਨਹੀਂ ਦੇਖਦਾ। ਉਹ ਸਭ ਨੂੰ

ਵੱਢੀ ਜਾਂਦਾ ਹੈ। ਇਸੇ ਤਰ੍ਹਾਂ ਕਈ ਜੀਵ ਗੁੱਸੇ ਨੂੰ ਰੋਕ ਨਹੀਂ ਸਕਦੇ ਅਤੇ ਆਪਣਾ ਹੀ ਨੁਕਸਾਨ ਕਰ ਬੈਠਦੇ ਹਨ।

ਇੱਕ ਵਾਰ ਕਿਤੇ ਸਵਾਲ ਪਾਇਆ ਗਿਆ ਕਿ ਸਭ ਤੋਂ ਵੱਡਾ ਯੋਧਾ ਕੌਣ ਹੈ? ਕਿਸੇ ਨੇ ਨਿਪੋਨੀਅਨ ਬੋਨਾਪਾਰਟੇ, ਕਿਸੇ ਨੇ ਹਰੀ ਸਿੰਘ ਨਲੂਆ, ਕਿਸੇ ਨੇ ਲਾਰਡ ਕਲਾਈਵ ਕਿਹਾ। ਇੰਝ ਸਭ ਨੇ ਬਹੁਤ ਸਾਰਿਆਂ ਦੇ ਨਾਮ ਲਏ। ਪਰ ਇੱਕ ਜੀਵ ਨੇ ਉੱਤਰ ਦਿੱਤਾ ਕਿ ਸਭ ਤੋਂ ਵੱਡਾ ਯੋਧਾ ਉਹ ਹੈ ਜੋ ਆਪਣੇ ਗੁੱਸੇ ਉੱਪਰ ਕੰਟਰੌਲ ਕਰ ਸਕਦਾ ਹੈ, ਆਪਣੇ ਕਰੋਧ ਨੂੰ ਮਾਰ ਸਕਦਾ ਹੈ।

ਫੇਰ ਕਾਲ ਜੀਵ ਦੇ ਪਿੱਛੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਪੰਜ ਚੋਰ ਲਗਾ ਦਿੰਦਾ ਹੈ। ਗੁਰਬਾਣੀ ਵਿੱਚ ਦਰਜ ਹੈ ਕਿ

*ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ॥*
*ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ॥੧॥*
*ਹਰਿ ਕੇ ਲੋਗਾ ਮੋਕਉ ਨੀਤਿ ਡਸੈ ਪਟਵਾਰੀ॥*
*ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ*
*ਤਿਨਿ ਹਉ ਲੀਆ ਉਬਾਰੀ॥੧॥ (ਅੰਗ 793)*

ਜੋ ਜੀਵ ਗੁੱਸੇ ਵਿੱਚ ਆ ਕੇ ਗਲਤੀ ਕਰ ਲੈਂਦਾ ਹੈ ਉਸ ਨੂੰ ਗਲਤੀ ਦਾ ਖਿਮਿਆਜਾ ਭੁਗਤਣਾ ਪੈਂਦਾ ਹੈ। ਉਹ ਜੀਵ ਬਾਅਦ ਵਿੱਚ ਕਹਿੰਦਾ ਹੈ ਕਿ ਮੈਨੂੰ ਪਤਾ ਹੀ ਨਹੀਂ ਲੱਗਾ। ਪਰ ਐਸਾ ਨਹੀਂ ਹੈ ਉਹ ਤਾਂ ਕਾਲ ਨੇ ਐਕਸ਼ਨ ਕੀਤਾ ਹੁੰਦਾ ਹੈ।

ਹਜ਼ੂਰ ਫੁਰਮਾਉਂਦੇ ਹਨ ਕਿ ਜੀਵ ਦੋ ਮਿੰਟ ਡਰਾਮਾ ਕਰਕੇ ਆਪਣਾ ਜਨਮ ਔਂਤਰ ਗੁਆ ਲੈਂਦੇ ਹਨ। ਉਦੋਂ ਇਹ ਪੰਜ ਚੋਰ ਆ ਕੇ ਘਰ ਵਿੱਚ ਡਾਕਾ ਮਾਰ ਲੈਂਦੇ ਹਨ।

**ਪੰਚ ਪਹਰੂਆ ਦਰ ਮਹਿ ਰਹਤੇ**
**ਤਿਨ ਕਾ ਨਹੀ ਪਤੀਆਰਾ॥**

ਹਜ਼ੂਰ ਫੁਰਮਾਉਂਦੇ ਹਨ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ ਪੰਜੇ ਚੋਰ ਚੌਵੀ ਘੰਟੇ ਜੀਵ ਦੇ ਨਾਲ ਰਹਿੰਦੇ ਹਨ। ਜੀਵ ਨੂੰ ਪਤਾ ਨਹੀਂ ਲੱਗਦਾ ਕਿ ਉਸ ਦੇ ਨਾਲ ਇਹ ਚੋਰ ਰਹਿ ਰਹੇ ਹਨ। ਇਹ ਪੰਜੇ ਚੋਰ ਸਾਡੇ ਧਨ ਅਰਥਾਤ ਸਿਮਰਨ ਅਤੇ ਜਾਪ ਨੂੰ ਚੋਰੀ ਕਰੀ ਜਾਂਦੇ ਹਨ ਅਤੇ ਨਾਮ ਕਿਸੇ ਹੋਰ ਜੀਵ ਦਾ ਲਾਈ ਜਾਂਦੇ ਹਨ ਕਿ ਉਸ ਨੇ ਕੀਤਾ ਹੋਣਾ ਏਂ।

ਇੱਕ ਬਾਂਦਰ ਸੀ। ਕਿਸੇ ਜੱਟ ਦੇ ਘਰ ਗੋਹਿਆਂ ਦੀ ਅੱਗ ਉੱਪਰ ਦੁੱਧ ਕੜਨਾ ਧਰਿਆ ਹੁੰਦਾ ਸੀ। ਉਸ ਬਾਂਦਰ ਨੇ ਕੀ ਕਰਨਾ ਕਿ ਕਾੜ੍ਹਨੀ ਉਪਰੋਂ ਛਕਾਲਾ ਉਤਾਰ ਕੇ ਮਲਾਈ ਲੱਪਾਂ ਨਾਲ ਆਪ ਖਾ ਲੈਣੀ ਫੇਰ ਛਕਾਲਾ ਉਪਰ ਦੇ ਕੇ ਆਪਣੇ ਲਿੱਬੜੇ ਹੱਥ ਨੇੜੇ ਹੀ ਕੱਟਾ ਬੱਝਾ ਹੁੰਦਾ ਸੀ ਉਸ ਦੇ ਮੂੰਹ ਨਾਲ ਪੂੰਝ ਲੈਣੇ। ਘਰਦਿਆਂ ਨੇ ਸੋਚਿਆ ਕਿ ਕੱਟਾ ਦੁੱਧ ਉਪਰੋਂ ਮਲਾਈ ਖਾ ਜਾਂਦਾ ਹੈ। ਦੱਸੋ ਭਲਿਓ ਲੋਕੋ! ਕੱਟਾ ਦੁੱਧ ਉੱਪਰੋਂ ਛਕਾਲਾ ਕਿਵੇਂ ਲਾਹ ਲਵੇਗਾ? ਸੋਈ ਓਦਾਂ ਦੇ ਬਾਂਦਰ ਕੱਟਿਆਂ ਨੂੰ ਕੁਟਵਾ-ਕੁਟਵਾ ਕੇ ਮਰਵਾ ਦਿੰਦੇ ਹਨ ਅਤੇ ਆਪ ਫੇਰ ਸੱਚੇ ਦੇ ਸੱਚੇ ਰਹਿੰਦੇ ਹਨ। ਇਸੇ ਤਰ੍ਹਾਂ ਜੋ ਪੰਜ ਚੋਰ ਹਨ ਉਹ ਕਹਿਣਗੇ ਕਿ ਫਲਾਣਾ ਬੰਦਾ ਆਇਆ ਸੀ ਉਸ ਨੇ ਤੁਹਾਡਾ ਬੁਰਾ ਕੀਤਾ ਹੋਣਾ ਏਂ। ਪਰ ਸਾਨੂੰ ਪਤਾ ਨਹੀਂ ਲੱਗਦਾ ਕਿ ਉਹ ਚੋਰ ਤਾਂ ਸਾਡੇ ਅੰਦਰ ਬੈਠੇ ਹਨ, ਜਿਹੜੇ ਸਾਡੀ ਸਿਮਰਨ ਦੀ ਪੂੰਜੀ, ਸਿਮਰਨ ਦੇ ਧਨ ਨੂੰ ਕਾਮ, ਕਰੋਧ, ਲੋਭ, ਮੋਹ ਹੰਕਾਰ ਵਿੱਚ ਫਸਾ ਕੇ ਲੁੱਟ ਰਹੇ ਹਨ।

**ਚੇਤਿ ਸੁਚੇਤ ਚਿਤ ਹੋਇ ਰਹੁ**
**ਤਉ ਲੈ ਪਰਗਾਸੁ ਉਜਾਰਾ॥ ੨॥**

ਹਜ਼ੂਰ ਫੁਰਮਾਉਂਦੇ ਹਨ ਕਿ ਇਸ ਕਰਕੇ ਹਰ ਵਕਤ ਚੁਕੰਨੇ ਰਹੋ, ਚੁਸਤ ਰਹੋ, ਅੱਖਾਂ ਅਤੇ ਕੰਨ ਖੋਲ੍ਹ ਕੇ ਚੱਲੋ। ਦਿਮਾਗ ਨੂੰ ਹਾਜਿਰ ਰੱਖ ਕੇ ਗੱਲ ਕਰੋ ਵਰਨਾ ਗੱਲ ਕਹਿੰਦੀ ਹੈ ਕਿ ਤੂੰ ਮੈਨੂੰ ਮੂੰਹੋਂ ਕੱਢ, ਮੈਂ ਤੈਨੂੰ ਪਿੰਡੋਂ ਕੱਢਦੀ ਹਾਂ। ਚੇਤ ਅਰਥਾਤ ਕਿਸੇ ਗੱਲ ਨੂੰ ਚੇਤੇ ਕਰਨਾ, ਘੋਖਣਾ ਅਤੇ ਸੁਚੇਤ ਅਰਥਾਤ ਬੰਦਗੀ ਵਿੱਚ ਜੋ ਤੁਹਾਡੀ ਵਡਿਆਈ ਕਰਦਾ ਹੈ।

*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥*
*(ਅੰਗ 470)*

ਅਗਰ ਕੋਈ ਸਿਫਤ ਕਰਦਾ ਹੈ ਤਦ ਵੀ ਚੁਕੰਨੇ ਹੋ ਕੇ ਰਹੋ ਕਿਉਂਕਿ ਉਹ ਲੋਕ ਸਿਫ਼ਤਾਂ ਕਰਕੇ ਜੀਵ ਨੂੰ ਵਰਗਲ਼ਾ ਲੈਂਦੇ ਹਨ। ਕਿਉਂਕਿ

*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥*
*ਸੀਸਿ ਨਿਵਾਇਐ ਕਿਆ ਥੀਐ*
*ਜਾ ਰਿਦੈ ਕੁਸੁਧੇ ਜਾਹਿ॥੧॥ (ਅੰਗ 470)*

ਬਗਲਾ ਡੱਡੀਆਂ, ਮੱਛੀਆਂ ਖਾਣ ਲਈ ਜਿਆਦਾ ਅੱਖਾਂ ਮੀਟਦਾ ਹੈ।

*ਜਿਹ ਤੀਨੋਂ ਜਿਆਦਾ ਨਿਵੈ ਚੀਤਾ, ਚੋਰ, ਕਮਾਨ।*

ਪੰਜ ਚੋਰ ਮਿੱਠੇ ਪਿਆਰੇ ਹੋ ਕੇ ਜੀਵ ਕੋਲੋਂ ਅਵੱਗਿਆ ਕਰਵਾਈ ਜਾਂਦੇ ਹਨ ਇਸ ਕਰਕੇ ਸਾਨੂੰ ਚੁਕੰਨੇ ਰਹਿਣ ਚਾਹੀਦਾ ਹੈ।

ਦੁਨਿਆਵੀ ਤੌਰ ਤੇ ਵੀ ਤੁਸੀਂ ਚਾਹੇ ਬੱਸ ਸਟੈਂਡ ਤੇ ਚਲੇ ਜਾਵੋ ਜਾਂ ਹਵਾਈ ਅੱਡੇ ਜਾਂ ਰੇਲਵੇ ਸਟੇਸ਼ਨ ਚਲੇ ਜਾਵੋ ਹਰ ਥਾਂ ਤੇ ਬਾਹਰ ਵਾਰ ਲਿਖਿਆ ਹੁੰਦਾ ਹੈ ਕਿ ਸਵਾਰੀ ਆਪਣੇ ਸਮਾਨ ਦੀ ਖੁਦ ਜਿੰਮੇਦਾਰ ਹੈ।

ਅਸੀਂ ਸਾਰੇ ਡਾਕਟਰ ਵਧੀਆਂ ਲੱਭ ਲਵਾਂਗੇ, ਬੱਚਿਆਂ ਨੂੰ

ਕਹਾਂਗੇ ਕਿ ਵਧੀਆ ਦਵਾਈ ਲਿਆਓ, ਟੈਸਟ ਵੀ ਵਧੀਆ ਕਰਵਾ ਲਵਾਂਗੇ। ਸਭ ਕੁਝ ਕਰਕੇ ਡਾਕਟਰ ਜੋ ਦਵਾਈ ਦਿੰਦੇ ਹਨ ਉਸ ਨੂੰ ਅਸੀਂ ਸਮੇਂ ਸਿਰ ਖਾਂਦੇ ਨਹੀਂ ਹਾਂ। ਅਸੀਂ ਹਮੇਸ਼ਾ ਦੱਸਦੇ ਹਾਂ ਕਿ ਹਰ ਕੋਈ ਚਾਹੁੰਦਾ ਹੈ ਕਿ ਵਧੀਆ ਡਾਕਟਰ ਕੋਲੋਂ ਦਵਾਈ ਲਵਾਂ ਪਰ ਦਵਾਈ ਨੂੰ ਡਾਕਟਰ ਦੇ ਕਹੇ ਅਨੁਸਾਰ ਖਾ ਕੇ ਅਸੀਂ ਵਧੀਆ ਮਰੀਜ ਨਹੀਂ ਬਣਦੇ।

ਪਰ ਅਸੀਂ ਤੁਹਾਨੂੰ ਆਪਣੇ ਬਾਰੇ ਦੱਸ ਦੇਈਏ ਕਿ ਅਸੀਂ ਐਨੇ ਸਾਲਾਂ ਤੋਂ ਬੀਮਾਰ ਹਾਂ। ਸਾਡਾ ਪਰਿਵਾਰ ਵੀ ਜਾਣਦਾ ਹੈ ਕਿ ਅਸੀਂ ਦਵਾਈ ਪੂਰੇ ਟਾਈਮ ਤੇ ਖਾਂਦੇ ਹਾਂ। ਕਿਉਂਕਿ ਸਾਡੇ ਹਜ਼ੂਰ ਕਿਹਾ ਕਰਦੇ ਸਨ ਕਿ

*ਕੋਈ ਮੋੜੋ ਮਨਾਂ ਦੀਆਂ ਵਾਗਾਂ ਨੂੰ।*
*ਫੇਰ ਦੋਸ਼ ਨਾ ਦੇਣਾ ਭਾਗਾਂ ਨੂੰ।*

ਇਸ ਕਰਕੇ ਮਨ ਨੂੰ ਚੁਕੰਨਾ ਰੱਖੀਏ ਅਤੇ ਇਹ ਦੋਸ਼ ਨਾ ਲਾਈਏ ਕਿ ਸਾਡੇ ਭਾਗ ਮਾੜੇ ਸਨ ਤਦ ਸਾਡੇ ਨਾਲ ਇੰਝ ਹੋਇਆ ਹੈ।

**ਨਉ ਘਰ ਦੇਖਿ ਜੁ ਕਾਮਨਿ ਭੂਲੀ**
**ਬਸਤੁ ਅਨੂਪ ਨ ਪਾਈ॥**

ਗੁਰਬਾਣੀ ਵਿੱਚ ਦਰਜ ਹੈ ਕਿ

*ਨਾਨਕ ਕਾਮਣਿ ਸਦਾ ਸੁਹਾਗਣ*
*ਨਾ ਪਿਰੁ ਮਰੈ ਨ ਜਾਏ॥੪॥ (ਅੰਗ 245)*

ਕਾਮਣ ਔਰਤ ਸਦਾ ਸੁਹਾਗਣ ਰਹਿੰਦੀ ਹੈ। ਪਤੀ ਪਤਨੀ ਲੜ ਪੈਂਦੇ ਹਨ ਪਰ ਪਿਆਰ ਵਾਲੇ ਬੰਦੇ ਲੜਦੇ ਨਹੀਂ ਹਨ। ਲੇਕਿਨ ਕਾਮਣ ਨੂੰ ਪਤਾ ਹੀ ਨਹੀਂ ਹੈ ਕਿ ਕਮਲੀਏ ਆਤਮਾ! ਤੇਰੇ ਨੌਂ ਦਰਵਾਜੇ ਖੁੱਲੇ ਹਨ। ਉਹ ਚੋਰ ਇਹਨਾਂ ਰਾਹੀ ਆਉਂਦੇ ਹਨ। ਦੋ ਅੱਖਾਂ ਹਨ ਜੋ ਰੂਪ ਕਰੂਪ ਦੇਖਦੀਆਂ ਹਨ। ਦੋ ਕੰਨ ਹਨ ਜੋ ਗੁਰੂ ਦਾ ਯਸ਼ ਸੁਣਨ ਵਾਸਤੇ ਹਨ ਪਰ ਇਹਨਾਂ ਨੇ ਚੁਗਲੀ ਨਿੰਦਿਆ ਸੁਣਨੀ ਹੈ। ਦੋ ਨਾਸਾਂ ਹਨ ਜੋ ਵਧੀਆ ਸੈਂਟ ਨੂੰ ਸੁੰਘ ਕੇ ਕਹਿੰਦੀਆਂ ਹਨ ਕਿ ਇਸ ਕੋਲੋਂ ਬਹੁਤ ਵਧੀਆ ਸੁਗੰਧ ਆ ਰਹੀ ਹੈ। ਮੂੰਹ ਵਧੀਆ ਚੀਜਾ ਖਾ ਕੇ ਖੁਸ਼ ਰਹਿੰਦਾ ਹੈ। ਇੰਦ੍ਰੀ ਚੱਕਰ ਗ੍ਰਿਹਸਤੀ ਜੀਵਨ ਭੋਗਣਾ ਚਾਹੁੰਦਾ ਹੈ। ਗੁਦਾ ਚੱਕਰ ਹੈ ਬਹੁਤ ਸਾਰੇ ਗੁਲਫਾਮ ਹਨ ਜੋ ਬੰਦੇ ਨਾਲ ਬੁਰਾ ਕਰਮ ਕਰਦੇ ਹਨ। ਸੋਈ ਇਹ ਨੌਂ ਦਰਵਾਜੇ ਹਨ। ਫੇਰ ਇੰਦ੍ਰੀ ਤੇ ਇੰਦਰ ਭਗਵਾਨ ਦਾ ਵਾਸਾ ਹੈ, ਟੱਟੀ ਵਾਲੇ ਥਾਂ ਗੁਦਾ ਚੱਕਰ ਤੇ ਗਣੇਸ਼ ਜੀ ਦਾ ਵਾਸਾ ਹੈ। ਨਾਭੀ ਤੇ ਬ੍ਰਹਮਾ ਜੀ ਦਾ ਵਾਸਾ ਹੈ ਹਿਰਦੇ ਵਿੱਚ ਸ਼ਿਵ ਜੀ ਮਹਾਰਾਜ ਦਾ ਵਾਸਾ ਹੈ ਦੁੱਧ ਵਾਲੀ ਜਗ੍ਹਾ ਤੇ ਵਿਸ਼ਨੂੰ ਭਗਵਾਨ ਦਾ ਵਾਸਾ ਹੈ। ਕੰਠ ਵਿੱਚ ਆਦਿ ਸ਼ਕਤੀ ਦਾ ਵਾਸਾ ਹੈ। ਇਹ

*ਛਿਅ ਘਰ ਛਿਅ ਗੁਰ ਛਿਅ ਉਪਦੇਸ॥*
*ਗੁਰੁ ਗੁਰੁ ਏਕੋ ਵੇਸ ਅਨੇਕ॥੧॥ (ਅੰਗ 12)*

ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਮੂੰਹ, ਇੰਦ੍ਰੀ ਚੱਕਰ ਅਤੇ ਗੁਦਾ ਚੱਕਰ ਨੌਂ ਦਰਵਾਜੇ ਹਨ। ਦਸਵਾਂ ਦੁਆਰ ਮਸਤਕ ਉੱਪਰ ਹੈ। ਪਰ ਆਤਮਾ ਨੂੰ ਪਤਾ ਹੀ ਨਹੀਂ ਹੈ ਕਿ ਮੈਂ ਤਾਂ ਜਾਗਦੇ ਰਹਿਓ ਕਹਿ ਰਿਹਾ ਹਾਂ ਪਰ ਮੇਰੇ ਆਪਣੇ ਨੌਂ ਦੇ ਨੌਂ ਦਰਵਾਜੇ ਖੁੱਲੇ ਹਨ ਅਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਇਹਨਾਂ ਰਾਹੀਂ ਅੰਦਰ ਵੜ ਕੇ ਮੈਨੂੰ ਲੁੱਟ ਰਹੇ ਹਨ।

**ਕਹਤੁ ਕਬੀਰ ਨਵੈ ਘਰ ਮੂਸੇ**
**ਦਸਵੈਂ ਤਤੁ ਸਮਾਈ॥ ੩॥ ੨੨॥ ੭੩॥**

ਹਜ਼ੂਰ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ ਕਿ ਚੋਰ ਇਹਨਾਂ ਨੌਵਾਂ ਘਰਾਂ ਵਿਚੋਂ ਚੋਰੀ ਕਰ ਸਕਦਾ ਹੈ ਪਰ ਜਿਹੜੀ ਆਤਮਾ ਮਸਤਕ ਰਾਹੀ ਨਿਕਲ ਕੇ ਮਾਲਿਕ ਦੇ ਚਰਨਾਂ ਵਿੱਚ ਲੱਗ ਜਾਂਦੀ ਹੈ ਉਸ ਉੱਪਰ ਚੋਰ ਐਕਸ਼ਨ ਨਹੀਂ ਕਰ ਸਕਦੇ। ਸਿਮਰਨ ਕਰਨ ਵਾਲੇ ਜੀਵ ਪੁੱਛਦੇ ਹਨ ਕਿ ਖਿਆਲ ਕਿੱਥੇ ਰੱਖੀਏ? ਅਸੀਂ ਕਹਿੰਦੇ ਹਾਂ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਜਾਂ ਹਜ਼ੂਰ ਦੂਸਰੇ ਪਾਤਿਸ਼ਾਹ ਜੀ ਦੇ ਸਰੂਪ ਦੇਖੋ। ਉਹਨਾਂ ਨੇ ਬੈਰਾਗਣ ਉੱਪਰ ਬਾਹਵਾਂ ਦੀਆਂ ਕੂਹਣੀਆਂ ਰੱਖ ਕੇ ਦੋਵੇਂ ਹੱਥ ਠੋਡੀ ਹੇਠਾ ਰੱਖ ਕੇ ਚਿਹਰਾ ਉੱਪਰ ਨੂੰ ਚੁਕਿਆ ਹੁੰਦਾ ਹੈ। ਸਭ ਤੋਂ ਉੱਤਮ ਗਤੀ ਧਿਆਨ ਦੀ ਹੈ, ਇਸ ਕਰਕੇ ਸਿਮਰਨ ਕਰਦੇ ਸਮੇਂ ਆਪਣੇ ਸਤਿਗੁਰ ਦਾ ਸਰੂਪ ਅੱਖਾਂ ਅੱਗੇ ਲੈ ਆਓ, ਪਾਤਿਸ਼ਾਹੀਆਂ ਦਾ, ਗੁਰਬਾਣੀ ਦਾ ਸਰੂਪ ਧਿਆਨ ਵਿੱਚ ਲਿਆ ਕੇ ਜਦੋਂ ਤੁਸੀਂ ਸਿਮਰਨ ਕਰੋਗੇ ਤੁਹਾਡੀ ਆਤਮਾ ਦਸਵੇਂ ਦੁਆਰ 'ਤੇ ਚਲੀ ਜਾਵੇਗੀ। ਫੇਰ ਕਾਲ ਨੌਂ ਦਰਵਾਜਿਆਂ ਰਾਹੀਂ ਐਕਸ਼ਨ ਨਹੀਂ ਕਰ ਸਕਦਾ। ਇੰਝ ਸਿਮਰਨ ਕਰਨ ਨਾਲ ਤੁਹਾਡੀ ਆਤਮਾ ਪਵਿੱਤਰ ਹੋ ਕੇ ਗੁਰੂ ਦੇ ਚਰਨਾਂ ਵਿੱਚ ਪਹੁੰਚ ਜਾਂਦੀ ਹੈ। ਫੇਰ ਜਿਹੜੀ ਚੀਜ ਇੱਥੇ ਹੈ ਹੀ ਨਹੀਂ ਕਾਲ ਉਸ ਦਾ ਕੀ ਵਿਗਾੜ ਲਵੇਗਾ? ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਤੱਤੀਆਂ ਲੋਹਾਂ ਉੱਪਰ ਬੈਠੇ ਸਨ, ਉਹਨਾਂ ਦੀ ਆਤਮਾ ਤਾਂ ਪਾਰਬ੍ਰਹਮ ਪਹੁੰਚੀ ਹੋਈ ਸੀ ਇਸ ਕਰਕੇ ਉਹਨਾਂ ਦੀ ਆਤਮਾ ਉੱਪਰ ਤੱਤੀ ਲੋਹ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਹਜ਼ੂਰ ਕਬੀਰ ਸਾਹਿਬ ਜੀ ਫੁਰਮਾਨ ਕਰ ਰਹੇ ਹਨ ਕਿ ਕਾਲ ਤੁਹਾਡੇ ਨੌਂ ਦਰਵਾਜਿਆਂ ਰਾਹੀਂ ਚੋਰੀ ਕਰ ਲਵੇਗਾ ਪਰ ਜਿਸ ਦੀ ਸੁਰਤ ਦਸਵੇਂ ਦੁਆਰ ਰਾਹੀਂ ਨਿਕਲ ਗਈ ਉਸ ਉੱਪਰ ਕਾਲ ਕੋਈ ਐਕਸ਼ਨ ਨਹੀਂ ਕਰ ਸਕਦਾ।

ਹਜ਼ੂਰ ਦੀ ਕਿਰਪਾ ਸਦਕਾ ਹੀ ਇਹ ਹੁਕਮਨਾਮਾ ਬਹੁਤ ਬਖਸ਼ਿਸ਼ ਵਾਲਾ ਆਇਆ ਹੈ। ਹਜ਼ੂਰ ਨੇ ਸਭ ਦੇ ਮਨ ਦੇ ਸ਼ੰਕੇ ਨਵਿਰਤ ਕੀਤੇ ਹਨ।

# ਸਤਿਸੰਗ ਸੰਗ੍ਰਾਂਦ ਮਹੀਨਾ ਅੱਸੂ

**ਤੁਖਾਰੀ ਛੰਤ ਮਹਲਾ ੧ ਬਾਰਹ ਮਾਹਾ (ਅੰਗ 1108)**

**ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ॥**

ਅੱਸੂ ਦਾ ਮਹੀਨਾ 17.09.2019 ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ, ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*(ਅੰਗ 1395)*

ਅੱਸੂ ਦੇ ਮਹੀਨੇ ਬਾਰੇ ਭੇਦ ਬਖਸ਼ ਰਹੇ ਹਨ ਕਿ ਜੋ ਸੁਚੱਜੀਆਂ ਇਸਤਰੀਆਂ ਹੁੰਦੀਆਂ ਹਨ ਉਹ ਆਪਣੇ ਪਤੀ ਨੂੰ ਕਹਿੰਦੀਆਂ ਹਨ ਕਿ ਮੈਂ ਬਹੁਤ ਝੂਰ ਰਹੀ ਹਾਂ ਕਿ ਅਸੀਂ ਨੌਕਰੀ ਖਾਤਿਰ ਜਾਂ ਵਿਦੇਸ਼ ਜਾਣ ਦੀ ਖਾਤਿਰ ਇੱਕ ਦੂਸਰੇ ਤੋਂ ਵੱਖਰੇ ਹੋਏ ਹਾਂ। ਹੁਣ ਮੈਨੂੰ ਇਹ ਝੁਰੇਵਾਂ ਲੱਗਾ ਰਹਿੰਦਾ ਹੈ ਕਿ ਕਿਸ ਵਕਤ ਮੈਨੂੰ ਆਪਣੇ ਪਤੀ ਦਾ ਸੰਗ ਅਤੇ ਸਾਥ ਮਿਲੇਗਾ। ਧਨ ਇਸਤਰੀ ਨੂੰ ਕਿਹਾ ਗਿਆ ਹੈ। ਜਿਸ ਤਰ੍ਹਾਂ ਇਸਤਰੀ ਪਤੀ ਦੇ ਮਿਲਾਪ ਵਾਸਤੇ ਝੂਰਦੀ ਹੈ ਇਸੇ ਤਰ੍ਹਾਂ ਗੁਰਸਿੱਖ ਵੀ ਉਸ ਮਾਲਿਕ ਦੇ ਮਿਲਾਪ ਵਾਸਤੇ ਝੂਰਦਾ ਹੈ ਕਿ ਸੱਚੇ ਪਾਤਿਸ਼ਾਹੋ! ਮੇਰੀ ਉਮਰ ਬੀਤਦੀ ਜਾ ਰਹੀ ਹੈ ਕਿਰਪਾ ਕਰਕੇ ਮੈਨੂੰ ਆਪਣਾ ਮਿਲਾਪ ਬਖਸ਼ੋ।

**ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥**

ਹਜ਼ੂਰ ਆਪ ਹੀ ਉੱਤਰ ਦਿੰਦੇ ਹਨ ਕਿ ਅਗਰ ਉਸ ਅਕਾਲ ਪੁਰਖ ਵਾਹਿਗੁਰੂ ਦੀ ਮੌਜ ਹੋਵੇਗੀ ਫੇਰ ਹੀ ਮਿਲਾਪ ਹੋ ਸਕਦਾ ਹੈ। ਕਈ ਵਾਰ ਕਈ ਕਾਰਨਾਂ ਕਰਕੇ ਬਣੇ ਬਣਾਏ ਕੰਮ ਰੁਕ ਜਾਂਦੇ ਹਨ। ਇਸ ਕਰਕੇ ਅਗਰ ਮਾਲਿਕ ਦੀ ਕਿਰਪਾ ਹੋਵੇ ਫੇਰ ਹੀ ਲੜਕੀ ਆਪਣੇ ਪਤੀ ਦੀ ਸੇਜ ਹੰਢਾ ਸਕਦੀ ਹੈ ਅਤੇ ਗੁਰਸਿੱਖ ਦਾ ਮਾਲਿਕ ਨਾਲ ਮਿਲਾਪ ਹੋ ਸਕਦਾ ਹੈ।

**ਝੂਠਿ ਵਿਗੁਤੀ ਤਾ ਪਿਰ ਮੁਤੀ**

**ਕੁਕਹ ਕਾਹ ਸਿ ਫੁਲੇ॥**

ਕਈ ਲੜਕੀਆਂ ਵੀ ਆਪਣੇ ਪਤੀ ਨੂੰ ਮਿਲਣਾ ਨਹੀਂ ਚਾਹੁੰਦੀਆਂ ਅਤੇ ਸੋਚਦੀਆਂ ਹਨ ਕਿ ਚੰਗਾ ਹੋਇਆ ਉਹ ਦੂਰ ਹੈ ਅਤੇ ਘਰ ਨਹੀਂ ਆਉਂਦਾ। ਇਸੇ ਤਰ੍ਹਾਂ ਕਈ ਗੁਰਸਿੱਖ ਵੀ ਝੂਠੇ ਹੀ ਡਰਾਮੇ ਕਰਦੇ ਹਨ। ਉਹਨਾਂ ਨੂੰ ਕੋਈ ਝੁਰੇਵਾਂ ਨਹੀਂ ਹੁੰਦਾ ਕਿ ਮਾਲਿਕ ਮੇਰੇ ਉੱਪਰ ਬਖਸ਼ਿਸ਼ ਕਿਉਂ ਨਹੀਂ ਕਰ ਰਹੇ। ਅਸਲ ਵਿੱਚ ਉਹ ਲਾਲਚ ਜਾਂ ਕੰਮਾਂ ਪਿੱਛੇ ਆਉਂਦੇ ਹਨ। ਹਰ ਲੜਕੀ ਚਾਹੁੰਦੀ ਹੈ ਕਿ ਪਤੀ ਮੇਰੀ ਮਰਜੀ ਦਾ ਕੰਮ ਕਰੇ ਅਤੇ ਸੰਗਤ ਵੀ ਚਾਹੁੰਦੀ ਹੈ ਕਿ ਅਸੀਂ ਜੋ ਵੀ ਬੇਨਤੀਆਂ ਕਰੀਏ ਹਜ਼ੂਰ ਪੂਰੀਆਂ ਕਰਨ।

ਪਰ

*ਹੋਗਾ ਵਹੀ ਜੋ ਰਾਮ ਰਚ ਰਾਖਾ।*

*ਕਾ ਬਿਧਿ ਕੋਪ ਬਧਾਵੇ ਸ਼ਾਖਾ।*

ਜੋ ਮਾਲਿਕ ਨੂੰ ਮਨਜ਼ੂਰ ਹੁੰਦਾ ਹੈ ਉਹੋ ਹੀ ਹੋਣਾ ਹੈ।

**ਆਗੈ ਘਾਮ ਪਿਛੈ ਰੁਤਿ ਜਾਡਾ**

**ਦੇਖਿ ਚਲਤ ਮਨੁ ਡੋਲੇ॥**

ਅੱਗੇ ਅੱਗ ਦੀ ਨਦੀ ਵਗ ਰਹੀ ਹੈ ਪਿਛੇ ਬਹੁਤ ਜਿਆਦਾ ਠੰਢ ਹੈ। ਅਗਰ ਜੀਵ ਅੱਗੇ ਗਿਆ ਤਾਂ ਅੱਗ ਨਾਲ ਝੁਲਸ ਜਾਵੇਗਾ ਅਗਰ ਪਿੱਛੇ ਮੁੜਿਆ ਤਾਂ ਠੰਢ ਨਾਲ ਮਰ ਜਾਵੇਗਾ। ਹਜ਼ੂਰ ਸਾਨੂੰ ਜੀਵਾਂ ਨੂੰ ਸਮਝਾ ਰਹੇ ਹਨ ਕਿ ਅਗਰ ਸਾਡੇ ਉੱਪਰ ਮਾਲਿਕ ਦੀ ਬਖਸ਼ਿਸ਼ ਨਾ ਹੋਈ ਤਦ ਅਸੀਂ ਨਾ ਹੀ ਅੱਗ ਤੋਂ ਅਤੇ ਨਾ ਹੀ ਠੰਢ ਤੋਂ ਬਚ ਸਕਾਂਗੇ।

**ਦਹ ਦਿਸਿ ਸਾਖ ਹਰੀ ਹਰੀਆਵਲ**

**ਸਹਜਿ ਪਕੈ ਸੋ ਮੀਠਾ॥**

ਹਜ਼ੂਰ ਫੁਰਮਾਉਂਦੇ ਹਨ ਕਿ

*ਧੀਰੇ ਧੀਰੇ ਰੇ ਮਨਾ ਧੀਰੇ ਸਭ ਕਿਛੁ ਹੋਇ।*

*ਮਾਲੀ ਸੀਂਚੇ ਸੌ ਘੜਾ ਰਿਤੁ ਆਏ ਫਲ ਹੋਇ।*

ਜਿਸ ਤਰ੍ਹਾਂ ਬੂਟਾ ਆਹਿਸਤਾ ਆਹਿਸਤਾ ਵੱਡਾ ਹੁੰਦਾ ਹੈ ਫੇਰ ਫੁੱਲ ਅਤੇ ਫਲ ਦਿੰਦਾ ਹੈ ਇਸ ਤਰ੍ਹਾਂ ਭਗਤੀ ਮਾਰਗ ਵਿੱਚ ਵੀ ਸਾਨੂੰ ਆਹਿਸਤਾ ਆਹਿਸਤਾ ਸਿਮਰਨ ਕਰਕੇ ਦਾਤ ਲੈਣੀ ਚਾਹੀਦੀ ਹੈ। ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਇਹ ਬੇਨਤੀ ਨਾ ਕਰੋ ਕਿ ਸਾਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਜਾਂ ਦਸਾਂ ਪਾਤਿਸ਼ਾਹੀਆਂ ਦੇ ਦਰਸ਼ਨ ਹੋਣ ਜਾਂ ਫਲਾਣੇ ਸੰਤਾਂ ਦੇ ਦਰਸ਼ਨ ਹੋਣ। ਇਹ ਤਾਂ ਉਹ ਗੱਲ ਹੋਵੇਗੀ ਕਿ

*ਨ੍ਹਾਤੀ ਨਾ ਧੋਤੀ, ਮੈਂ ਬਾਬੇ ਦੀ ਪੋਤੀ।*

ਤਥਾ

*ਸੇਵਾ ਥੋਰੀ ਮਾਗਨੁ ਬਹੁਤਾ॥ (ਅੰਗ 738)*

ਅਸੀਂ ਸਿਮਰਨ ਕਰਦੇ ਨਹੀਂ ਹਾਂ ਪਰ ਮੰਗਾਂ ਵੱਡੀਆਂ ਵੱਡੀਆਂ ਮੰਗਦੇ ਹਾਂ। ਫੇਰ ਦਰਸ਼ਨਾਂ ਤੋਂ ਬਾਦ ਦੁਨਿਆਵੀ ਅਤੇ ਪਰਿਵਾਰਿਕ ਚੀਜ਼ਾਂ ਦੀ ਮੰਗ ਕਰਦੇ ਹਾਂ। ਇਸ ਕਰਕੇ ਕਾਹਲੀ ਨਾ ਕਰਕੇ ਸਿਮਰਨ ਕਰਕੇ ਆਹਿਸਤਾ ਆਹਿਸਤਾ ਬਖਸ਼ਿਸ਼ ਮੰਗੋ।

**ਨਾਨਕ ਅਸੁਨਿ ਮਿਲਹੁ ਪਿਆਰੇ**

**ਸਤਿਗੁਰ ਭਏ ਬਸੀਠਾ॥ ੧੧॥**

ਅਗਰ ਸਤਿਗੁਰ ਖੁਸ਼ ਹੋ ਜਾਣ ਫੇਰ ਸਾਰੀਆਂ ਬਿਧਾਂ ਬਣ ਕੇ ਜੀਵ ਦਾ ਪੂਰਨ ਤਾਕਤ ਨਾਲ ਮਿਲਾਪ ਹੁੰਦਾ ਹੈ।

ਅਸੀਂ ਤੁਹਾਨੂੰ (discourage) ਨਿਰਾਸ਼ ਨਹੀਂ ਕਰ ਰਹੇ। ਅਸੀਂ ਖੁਦ ਪਤਾ ਨਹੀਂ ਕਿੰਨੇ ਸਾਲ ਪੈਦਲ ਤੁਰ ਕੇ ਸ੍ਰੀ ਹਰਿਮੰਦਰ ਸਾਹਿਬ ਜਾਂਦੇ ਰਹੇ ਉੱਥੇ ਜਾ ਕੇ ਕੇਸਾਂ ਨਾਲ ਪ੍ਰਕਰਮਾ ਧੋਤੀਆਂ। ਹੁਣ ਤੁਸੀਂ ਏਅਰ ਕੰਡੀਸ਼ਨਡ ਗੱਡੀਆਂ ਵਿੱਚ ਆਉਂਦੇ ਹੋ। ਏ.ਸੀ. ਹਾਲ ਵਿੱਚ ਬੈਠ ਕੇ ਸਤਿਸੰਗ ਸੁਣਦੇ ਹੋ। ਫੇਰ ਵੀ ਕਹਿੰਦੇ ਹੋ ਕਿ ਸਾਡੇ ਕੋਲੋਂ ਸਿਮਰਨ ਨਹੀਂ ਹੁੰਦਾ ਪਰ ਮੰਗਾਂ ਸਾਡੀਆਂ ਸਾਰੀਆਂ ਪੂਰੀਆਂ ਹੋ ਜਾਣ। ਪਰ ਮਾਲਿਕ ਉਦੋਂ ਖੁਸ਼ ਹੁੰਦੇ ਹਨ ਜਦੋਂ ਜੀਵ ਸਿਮਰਨ ਕਰਦਾ ਹੈ।

*ਜਿੱਦਾ ਮਾਵਾਂ ਨੂੰ ਪੁੱਤਰ ਪਿਆਰੇ*

*ਭਗਤ ਪਿਆਰੇ ਰੱਬ ਨੂੰ।*

ਜੋ ਜੀਵ ਭਗਤੀ ਕਰਦੇ ਹਨ ਮਾਲਿਕ ਉਹਨਾਂ ਉੱਪਰ ਖੁਸ਼ ਹੁੰਦੇ ਹਨ। ਸੋਈ ਮਾਲਿਕ ਦੀ ਕਿਰਪਾ ਉਦੋਂ ਹੋਣੀ ਹੈ ਜਦੋਂ ਅਸੀਂ ਸਿਮਰਨ ਕਰਾਂਗੇ। ਸਿਮਰਨ ਵੀ ਮਾਲਿਕ ਦੀ ਬਖਸ਼ਿਸ਼ ਤੋਂ ਬਗੈਰ ਨਹੀਂ ਹੋ ਸਕਦਾ। ਇਸ ਕਰਕੇ ਸਿਮਰਨ ਕਰਨ ਲੱਗਿਆਂ ਬੇਨਤੀ ਕਰਿਆ ਕਰੋ ਕਿ ਹਜ਼ੂਰ! ਮੇਰੇ ਕੋਲੋਂ ਸਿਮਰਨ ਕਰਵਾ ਲਵੋ। ਫੇਰ ਜਦੋਂ ਸਿਮਰਨ ਕਰਕੇ ਹਟਦੇ ਹੋ ਉਦੋਂ ਵੀ ਬੇਨਤੀ ਕਰੋ ਸੱਚੇ ਪਾਤਿਸ਼ਾਹੋ! ਤੁਸੀਂ ਅੱਜ ਸਿਮਰਨ ਕਰਵਾ ਲਿਆ ਹੈ ਫੇਰ ਵੀ ਕਰਵਾਇਓ।

ਸੋਈ ਹਜ਼ੂਰ ਕਿਰਪਾ ਕਰਨਾ ਅੱਸੂ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ, ਸ਼ਾਂਤੀ, ਖੇੜੇ ਇਤਿਫਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਹੁਣ ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਮਹੀਨੇ ਬਾਰੇ ਮਾਝ ਰਾਗ ਵਿੱਚ ਜੋ ਭੇਦ ਬਖਸ਼ ਰਹੇ ਹਨ ਉਹ ਵੀ ਆਪਾਂ ਸਾਰੇ ਧਿਆਨ ਨਾਲ ਸਰਵਣ ਕਰਕੇ ਹਿਰਦੇ ਵਿੱਚ ਵਸਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

**ਬਾਰਹ ਮਾਹਾ ਮਾਂਝ ਮਹਲਾ ੫ (ਅੰਗ 134)**

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥**

ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਹਜ਼ੂਰ ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਦੇ ਰਚਇਤਾ, ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਭੇਦ ਬਖਸ਼ ਰਹੇ ਹਨ ਕਿ ਸਾਨੂੰ ਬਹੁਤ ਚਾਅ ਅਤੇ ਪਿਆਰ ਹੈ ਕਿ ਮਾਲਿਕ ਦਾ ਮਿਲਾਪ ਹੋਵੇ ਪਰ ਉਹ ਮਿਲਾਪ ਕਿਸ ਤਰੀਕੇ ਨਾਲ ਹੋ ਸਕਦਾ ਹੈ? ਇਸ ਬਾਰੇ ਪਹਿਲਾਂ ਦੱਸਿਆਂ ਜਾ ਚੁੱਕਾ ਹੈ ਕਿ ਮਿਲਾਪ ਵਾਸਤੇ ਸਿਮਰਨ ਕਰਨਾ ਪੈਣਾ ਹੈ ਪਰ ਸੰਗਤ ਕਹਿੰਦੀ ਹੈ ਕਿ ਸਾਡੇ ਕੋਲੋ ਸਿਮਰਨ ਹੁੰਦਾ ਨਹੀਂ ਹੈ। ਜਦੋਂ ਸਿਮਰਨ ਤੋਂ ਬਗੈਰ ਗੱਲ ਹੀ ਨਹੀਂ ਬਣਨੀ ਫੇਰ ਅਸੀਂ ਸਿਮਰਨ ਕਿਉਂ ਨਹੀਂ ਕਰਦੇ? ਗੁਰਬਾਣੀ ਵਿੱਚ ਵੀ ਦਰਜ ਹੈ ਕਿ

*ਸੋਧਤ ਸੋਧਤ ਸੋਧਿ ਬੀਚਾਰਾ॥*

*ਬਿਨੁ ਹਰਿ ਭਜਨ ਨਹੀ ਛੁਟਕਾਰਾ॥ (ਅੰਗ 260)*

ਹਜ਼ੂਰ ਫੁਰਮਾਉਂਦੇ ਹਨ ਕਿ ਅਗਰ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਚਾਅ ਅਤੇ ਖੁਸ਼ੀ ਪੂਰੀ ਹੋਵੇ ਫੇਰ ਕਿਸੇ ਪੂਰਨ ਸੰਤਾਂ ਨੂੰ ਪੁੱਛੋ ਕਿ ਉਸ ਤਾਕਤ ਨਾਲ ਮਿਲਾਪ ਦਾ ਤਰੀਕਾ ਕਿਹੜਾ ਹੈ? ਲੜਕੀ ਵੀ ਆਪਣੇ ਪਤੀ ਦੇ ਮਿਲਾਪ ਜਾਂ ਪਤੀ ਨੂੰ ਖੁਸ਼ ਕਰਨ ਲਈ ਕਿਸੇ ਐਸੀ ਸੁਹਾਗਣ ਕੋਲ ਜਾਵੇ ਜਿਸ ਨੇ ਆਪਣੇ ਪਤੀ ਨੂੰ ਖੁਸ਼ ਕੀਤਾ ਹੈ ਅਤੇ ਉਸ ਕੋਲੋਂ ਪੁੱਛੇ ਕਿ ਪਤੀ ਕਿਸ ਤਰੀਕੇ ਨਾਲ ਖੁਸ਼ ਹੁੰਦਾ ਹੈ?

**ਮਨਿ ਤਨਿ ਪਿਆਸ ਦਰਸਨ ਘਣੀ**

**ਕੋਈ ਆਨਿ ਮਿਲਾਵੈ ਮਾਇ॥**

ਮੇਰੇ ਮਨ ਵਿੱਚ ਸਤਿਗੁਰ ਨੂੰ ਮਿਲਣ ਦੀ ਬਹੁਤ ਪਿਆਸ ਹੈ। ਹਜ਼ੂਰ ਕਿਰਪਾ ਕਰਕੇ ਕੋਈ ਵਿਚੋਲਾ ਮਿਲਾ ਦੇਣ ਜਿਹੜਾ ਉਸ ਤਾਕਤ ਨਾਲ ਮੇਰਾ ਮਿਲਾਪ ਕਰਵਾ ਦੇਵੇ। ਅਗਰ ਪਤੀ ਪਤਨੀ ਰੁੱਸੇ ਹੋਏ ਹਨ ਤਦ ਵਿੱਚ ਕੋਈ ਮਿਲਾਪ ਕਰਾਉਣ ਵਾਲਾ ਤਕੜਾ ਹੋਵੇ ਜੋ ਨਾ ਮਾਫ਼ੀ ਮੰਗਣ ਵਾਲੇ ਨੂੰ ਅਤੇ ਨਾ ਹੀ ਮਾਫ਼ੀ ਦੇਣ ਵਾਲੇ ਨੂੰ ਬੋਲਣ ਦੇਵੇ ਆਪਣੀ ਗੱਲ ਮੰਨਵਾ ਕੇ ਉਹਨਾਂ ਵਿੱਚ ਸਲੂਕ ਇਤਿਫਾਕ ਵਧਾਵੇ। ਫੇਰ ਪਤੀ ਪਤਨੀ ਦਾ ਮਿਲਾਪ ਵੀ ਹੋ ਸਕਦਾ ਹੈ। ਸੋਈ ਮਿਲਾਵਾ ਤਕੜਾ ਹੋਣਾ ਚਾਹੀਦਾ ਹੈ।

ਅਸੀਂ ਬਹੁਤ ਵਾਰੀ ਕਈਆਂ ਦੇ ਰਾਜੀ ਨਾਮੇ ਕਰਵਾਏ ਹਨ ਸਾਡੇ ਕਰਵਾਏ ਹੋਏ ਰਾਜੀ ਨਾਮੇਂ ਵਿਚ ਅਸੀਂ ਕਹਿੰਦੇ ਹਾਂ ਕਿ ਅਗਰ ਸ਼ਰੀਕੇ ਪਾਲਣੇ ਹਨ ਜਾਂ ਲੜਾਈਆਂ ਪਾਲਣੀਆਂ ਹਨ ਤਦ ਪਿੰਡ ਵਿੱਚ ਪਾਲੋ ਇਥੇ ਆ ਕੇ ਸਾਡੇ ਬਚਨ ਮੰਨਣੇ ਪੈਣੇ ਹਨ।

ਕੁਪਾ ਘਾਟ ਵਾਲੇ ਵੈਸ਼ਨੋ ਭਗਤ ਜੀ ਹਜ਼ੂਰ ਤੀਸਰੇ ਪਾਤਿਸ਼ਾਹ ਜੀ ਦੀ ਸ਼ਰਨ ਵਿੱਚ ਸ੍ਰੀ ਗੋਇੰਦਵਾਲ ਸਾਹਿਬ ਆਏ। ਉਹਨਾਂ ਨੇ ਹਜ਼ੂਰ ਨੂੰ ਕਿਹਾ ਕਿ ਅਸੀਂ ਪੱਕਾ ਭੋਜਨ ਪੂਰੀਆਂ, ਕੜਾਹ, ਕਚੌਰੀਆਂ ਖਾਂਦੇ ਹਾਂ ਅਰਥਾਤ ਤਲਿਆ ਹੋਇਆ ਭੋਜਨ ਖਾਂਦੇ ਹਾਂ। ਹਜ਼ੂਰ ਨੇ ਕਿਹਾ ਇਹਨਾਂ ਨੂੰ ਰਾਸ਼ਨ ਦੇ ਦਿਓ ਤਾਂ ਕਿ ਇਹ ਪੱਕਾ ਭੋਜਨ ਬਣਾ ਕੇ ਖਾ ਲੈਣ। ਜਦੋਂ ਹਜ਼ੂਰ ਸਤਿਸੰਗ ਕਰਨ ਲੱਗੇ ਤਾਂ ਚੁੱਪ ਕਰਕੇ ਬੈਠੇ ਰਹੇ। ਸੰਗਤ ਨੇ ਉੱਠ ਕੇ ਪੁੱਛਿਆ ਸੱਚੇ ਪਾਤਿਸ਼ਾਹੋ ! ਤੁਹਾਨੂੰ ਬੈਠਿਆਂ ਨੂੰ ਅੱਧਾ ਘੰਟਾ ਹੋ ਗਿਆ ਹੈ ਅਜੇ ਯਸ਼ ਸ਼ੁਰੂ ਨਹੀਂ ਹੋਇਆ ਸਤਿ ਦੀ ਸੰਗਤ ਨਹੀਂ ਹੋਈ ਇਸ ਦਾ ਕੀ ਕਾਰਨ ਹੈ? ਹਜ਼ੂਰ ਕਹਿਣ ਲੱਗੇ ਕੀ ਕਰੀਏ, ਸਾਡੇ ਕੋਲ ਅੱਜ ਇੱਕ ਐਸਾ ਭਗਤ ਆਇਆ ਹੈ ਉਹ ਵਧੀਆ ਵਧੀਆ ਖਾਣੇ ਬਣਾ ਕੇ ਗੰਦਗੀ ਭਰੇ ਬਰਤਨ ਉੱਪਰ ਰੱਖ ਕੇ ਸਾਡੇ ਕੋਲ ਆ ਗਿਆ ਹੈ। ਅਸੀਂ ਹੁਣ ਗੰਦਗੀ ਵਿੱਚ ਬੈਠੇ ਸਤਿਸੰਗ ਕਿਵੇਂ ਕਰੀਏ। ਉਹੋ ਵੈਸ਼ਨੋ ਭਗਤ ਉੱਠ ਕੇ ਕਹਿਣ ਲੱਗਾ ਜੀ, ਮੈਨੂੰ ਦੱਸੋ ਉਹ ਕਿਹੜਾ ਜੀਵ ਹੈ ਉਸ ਨੂੰ ਮੈਂ ਬਾਹਰ ਕੱਢ ਦਿੰਦਾ ਹਾਂ। ਹਜ਼ੂਰ ਨੇ ਕਿਹਾ ਉਸ ਦਾ ਨਾਮ ਵੈਸ਼ਨੋ ਭਗਤ ਹੈ। ਉਹ ਕਹਿਣ ਲੱਗਾ ਹਜ਼ੂਰ ! ਉਹ ਤਾਂ ਮੈਂ ਹੀ ਹਾਂ। ਹਜ਼ੂਰ ਨੇ ਕਿਹਾ ਦੱਸ ਤੇਰੇ ਪੇਟ ਵਿੱਚ ਗੰਦਗੀ ਅਰਥਾਤ ਮਲ-ਮੂਤਰ ਹੈਗਾ ਏ। ਫੇਰ ਤੂੰ ਕਿਹਾ ਕਿ ਮੈਂ ਦਾਲ ਫੁਲਕਾ ਨਾ ਖਾ ਕੇ ਪੱਕਾ ਭੋਜਨ ਖਾਣਾ ਹੈ। ਉਸ ਖਾਣੇ ਨੂੰ ਗੰਦਗੀ ਦੇ ਟੋਕਰੇ ਵਿੱਚ, ਪੇਟ ਵਿੱਚ ਰੱਖ ਕੇ ਸਾਡੇ ਕੋਲ ਆ ਗਿਆ ਏਂ। ਪਰ

*ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥*

*ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥*

*(ਅੰਗ 472)*

ਸੋਈ ਡਰਾਮੇ ਕਰਨੇ ਕਿ ਅਸੀਂ ਆਹ ਖਾਣਾ ਹੈ ਜਾਂ ਮੇਰਾ ਬਾਪ ਭਗਤੀ ਕਰਦਾ ਰਿਹਾ ਸੀ। ਅਸੀਂ ਬਹੁਤ ਵਾਰ ਦੱਸਦੇ ਹਾਂ ਕਿ ਭਗਤੀ ਕੋਈ ਪਿਉ ਦਾਦੇ ਦੀ ਜਾਇਦਾਦ ਨਹੀਂ ਹੈ ਜੋ ਅਗਾਂਹ ਬੱਚਿਆਂ ਨੂੰ ਮਿਲੇਗੀ। ਇਹ ਤਾਂ

*ਸਾਚ ਕਹੂੰ ਸੁਨ ਲੇਹ ਸਭੈ*

*ਜਿਨਿ ਪ੍ਰੇਮ ਕੀਓ ਤਿਨਿ ਹੀ ਪ੍ਰਭ ਪਾਇਓ॥*

ਜੋ ਵੀ ਜੀਵ ਚਾਹੁੰਦਾ ਹੈ ਕਿ ਮੇਰੇ ਉੱਪਰ ਗੁਰਬਾਣੀ ਦੀ ਬਖਸ਼ਿਸ਼ ਹੋਵੇ ਉਹ ਸਿਮਰਨ ਕਰੇ ਕਿਉਂਕਿ

*ਜਿਨ੍ ਨਾਨਕੁ ਸਤਿਗੁਰੁ ਪੂਜਿਆ*

*ਤਿਨ ਹਰਿ ਪੂਜ ਕਰਾਵਾ॥੨॥ (ਅੰਗ 450)*

ਫੇਰ ਤੁਸੀਂ ਜਿੱਥੇ ਵੀ ਜਾ ਕੇ ਬੈਠੋਗੇ ਤੁਹਾਡੀ ਪੂਜਾ ਜਰੂਰ ਹੋਵੇਗੀ।

*ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ॥*

*(ਅੰਗ 450)*

ਹਜ਼ੂਰ ਤੀਸਰੇ ਪਾਤਿਸ਼ਾਹ ਸ੍ਰੀ ਗੋਇੰਦਵਾਲ ਸਾਹਿਬ ਤੋਂ ਬਾਸਰਕੇ ਚਲੇ ਗਏ। ਉਥੇ ਕਮਰੇ ਵਿੱਚ ਲੁਕ ਕੇ ਬੈਠ ਗਏ। ਬਾਹਰ ਲਿਖ ਕੇ ਲਗਾ ਦਿੱਤਾ ਕਿ ਜੋ ਵੀ ਸਾਡਾ ਦਰਵਾਜਾ ਖੋਲੇਗਾ ਉਸ ਦਾ ਹਲਤ-ਪਲਤ ਜਾਂਦਾ ਰਹੇਗਾ। ਤਦ ਬਾਬਾ ਬੁੱਢਾ ਜੀ ਕਹਿਣ ਲੱਗੇ ਕਿ ਕੰਧ ਵਿੱਚ ਸੰਨ੍ਹ ਲਗਾ ਲਵੋ ਅਤੇ ਉਸ ਰਾਹੀਂ ਅੰਦਰ ਲੰਘ ਕੇ ਦਰਸ਼ਨ ਕਰ ਲਵੋ। ਦੇਖੋ, ਹਜ਼ੂਰ ਤੀਸਰੇ ਪਾਤਿਸ਼ਾਹ ਜੀ ਭਗਤੀ ਕਰਦੇ ਸਨ ਤਾਂ ਸੰਗਤ ਉਹਨਾਂ ਦੇ ਪਿੱਛੇ ਉਥੇ ਪਹੁੰਚ ਗਈ ਅਤੇ ਸੰਨ੍ਹ ਲਾ ਕੇ ਦਰਸ਼ਨ ਕੀਤੇ। ਉੱਥੇ ਅੱਜ ਕੱਲ ਸੰਨ੍ਹ ਸਹਿਬ ਗੁਰਦੁਆਰਾ ਸ਼ੁਸ਼ੋਭਿਤ ਹੈ।

ਅਗਰ ਤੁਸੀਂ ਸਿਮਰਨ ਕਰੋਗੇ ਤਦ ਦੁਨੀਆਂ ਨੇ ਤੁਹਾਡਾ ਸਤਿਕਾਰ ਕਰਨਾ ਹੈ। ਅਗਰ ਡਰਾਮੇ ਕਰੋਗੇ ਫੇਰ ਕੁਝ ਵੀ ਨਹੀਂ ਮਿਲਣਾ। ਕੱਟਾ ਹਮੇਸ਼ਾਂ ਕਿੱਲੇ ਦੇ ਜੋਰ 'ਤੇ ਆਕੜਦਾ ਹੈ। ਇਸ ਸੰਸਥਾ ਵਿੱਚ ਲੰਗਰ ਛਕਾਉਣ ਤੋਂ ਪਹਿਲਾਂ ਅਜੇ ਵੀ ਇਹ ਬੋਲਾ ਬੋਲਿਆ ਜਾਂਦਾ ਹੈ ਕਿ

*ਧੰਨ ਧੰਨ ਸਤਿਗੁਰੂ ਹੁਕਮ ਪਰਤਾਪ।*

*ਸਤਿਨਾਮੁ।*

ਫੇਰ ਲੰਗਰ ਸ਼ੁਰੂ ਕੀਤਾ ਜਾਂਦਾ ਹੈ। ਇਥੇ ਹੁਕਮ ਦੀ ਕਾਰ ਹੈ ਅਸੀਂ ਕਿਸੇ ਦੇ ਬਿਠਾਏ ਹੋਏ ਬਾਬੇ ਬਣਕੇ ਨਹੀਂ ਬੈਠੇ। ਸਾਨੂੰ

ਕਿਸੇ ਨੇ ਵੋਟਾਂ ਪਾ ਕੇ ਨਹੀਂ ਚੁਣਿਆਂ। ਸਾਨੂੰ ਕਿਸੇ ਨੇ ਨਾ ਹੀ ਇਲੈਕਟ ਕੀਤਾ ਹੈ ਅਤੇ ਨਾ ਹੀ ਸਿਲੈਕਟ ਕੀਤਾ ਹੈ। ਇਹ ਦਾਤ ਮਾਲਿਕ ਦੀ ਬਖਸ਼ਿਸ਼ ਨਾਲ ਮਿਲਦੀ ਹੈ। ਅਗਰ ਤੁਸੀਂ ਇਹ ਦਾਤ ਪ੍ਰਾਪਤ ਕਰਨੀ ਹੈ ਤਦ ਸਿਮਰਨ ਕਰੋ। ਫੇਰ ਜਿਸ ਨੇ ਵੀ ਗੁਰਬਾਣੀ ਦੀ ਪੂਜਾ ਕਰ ਲਈ, ਦੁਨੀਆਂ ਨੇ ਉਸ ਦੀ ਪੂਜਾ ਕਰਨੀ ਹੀ ਕਰਨੀ ਹੈ।

**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥**

ਜਿਹੜੇ ਜੀਵ ਸਿਮਰਨ ਕਰਨਗੇ ਫੇਰ ਜਿੱਥੇ ਵੀ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਸੇ ਵੀ ਮਜਹਬ ਹਿੰਦੂ, ਮੁਸਲਿਮ, ਸਿੱਖ, ਈਸਾਈ ਵਿੱਚ ਉਹ ਤਾਕਤ ਬਿਰਾਜਮਾਨ ਹੋਵੇਗੀ ਉਹ ਖੁਦ ਆ ਕੇ ਸਿਮਰਨ ਕਰਨ ਵਾਲੇ ਜੀਵ ਦੀ ਸਹਾਇਤਾ ਕਰੇਗੀ ਤੁਹਾਨੂੰ ਸਤਿਕਾਰ ਦਿਵਾਵੇਗੀ। ਉਂਝ ਸਤਿਕਾਰ ਮੰਗਿਆਂ ਨਹੀਂ ਮਿਲਦਾ, ਸਤਿਕਾਰ ਖੋਹ ਕੇ ਨਹੀਂ ਮਿਲਦਾ, ਸਤਿਕਾਰ ਪੈਸੇ ਦੇ ਕੇ ਨਹੀਂ ਮਿਲਦਾ। ਬਲਕਿ

*ਜਿਸ ਨੋ ਬਖਸੇ ਸਿਫਤਿ ਸਾਲਾਹ॥*

*ਨਾਨਕ ਪਾਤਿਸਾਹੀ ਪਾਤਿਸਾਹੁ॥੨੫॥ (ਅੰਗ 5)*

ਜਿਸ ਜੀਵ ਕੋਲੋਂ ਮਾਲਿਕ ਕਿਰਪਾ ਕਰਕੇ ਆਪਣੀ ਸਿਫ਼ਤ ਅਤੇ ਸੋਭਾ ਕਰਵਾ ਲੈਣ ਉਸ ਨੂੰ ਮਾਲਿਕ ਬਾਦਸ਼ਾਹਾਂ ਦਾ ਬਾਦਸ਼ਾਹ ਬਣਾ ਲੈਂਦੇ ਹਨ।

**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥**

ਹਜ਼ੂਰ ਫੁਰਮਾਉਂਦੇ ਹਨ ਕਿ ਸਤਿਗੁਰ ਦੀ ਕਿਰਪਾ ਤੋਂ ਬਗੈਰ ਸੁਖ ਨਹੀਂ ਮਿਲਦਾ। ਅਗਰ ਅਸੀਂ ਕਿਸੇ ਦੂਸਰੀ ਚੀਜ ਦੀ, ਸਰਕਾਰ ਦੀ, ਅਫਸਰਾਂ ਦੀ ਜਾਂ ਇਲਾਕੇ ਦੇ ਬੰਦਿਆਂ ਦੀ ਮਦਦ ਲੈ ਕੇ ਕੰਮ ਕਰਦੇ ਹਾਂ ਉਸ ਦਾ ਭੇਦ ਅਵੱਸ਼ ਖੁਲ ਜਾਂਦਾ ਹੈ।

*ਉਘੜੇ ਭੇਦ ਨਾ ਹੋਇ ਨਿਬਾਹੁ।*

*ਕਾਲ ਨੇਮ ਜਿਉ ਰਾਵਣ ਰਾਹੁ।*

ਰਾਵਣ ਨੇ ਭੇਸ ਬਦਲ ਕੇ ਹਿਰਨ ਬਣ ਕੇ ਧੋਖਾ ਦਿੱਤਾ ਸੀ ਪਰ ਭੇਦ ਖੁੱਲ ਹੀ ਗਿਆ।

ਇਹ ਠੀਕ ਹੈ ਕਿ ਨੇਕੀ ਅਤੇ ਬਦੀ ਨਾਲ ਦੀ ਨਾਲ ਚੱਲਦੀਆਂ ਹਨ। ਇਸ ਸੰਸਥਾ ਨਾਲ, ਗੁਰਬਾਣੀ ਨਾਲ ਜਿਹੜੀ ਸੰਗਤ ਜੁੜੀ ਹੈ ਉਹਨਾਂ ਨੂੰ ਇਹ ਅਵੱਸ਼ ਸੋਚ ਲੈਣਾ ਚਾਹੀਦਾ ਹੈ ਕਿ ਸਾਡਾ ਭੇਦ ਖੁਲਣੋਂ ਨਹੀਂ ਰਹਿ ਸਕਦਾ। ਇਸ ਕਰਕੇ ਕੋਈ ਵੀ ਐਸਾ ਕੰਮ ਨਾ ਕਰੋ ਜਿਸ ਦੀ ਇਥੋਂ ਆਗਿਆ ਨਾ ਮਿਲੀ ਹੋਵੇ। ਸੰਗਤ ਨੂੰ ਚਾਹੀਦਾ ਹੈ ਕਿ ਕੋਈ ਗਰੁੱਪ ਨਾ ਬਣਾ ਕੇ ਸਿਰਫ਼ ਅਤੇ ਸਿਰਫ਼ ਮਾਲਿਕ ਦੇ ਬਚਨ ਮੰਨਣ ਵਾਸਤੇ ਇੱਕ ਮੁੱਠ ਹੋ ਕੇ ਕੰਮ ਕਰੇ।

ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਫੁਰਮਾਨ ਕਰ ਰਹੇ ਹਨ ਕਿ ਅਗਰ ਤੁਸੀਂ ਸੁਖ ਚਾਹੁੰਦੇ ਹੋ ਤਦ ਸਿਮਰਨ ਕਰੋ ਹੋਰ ਦੂਸਰੀ ਕੋਈ ਵੀ ਚਤੁਰਾਈ ਨਾ ਕਰੋ। ਕਿਉਂਕਿ

*ਕਹੁ ਕਬੀਰ ਭਗਤਿ ਕਰਿ ਪਾਇਆ॥*

*ਭੋਲੇ ਭਾਇ ਮਿਲੇ ਰਘੁਰਾਇਆ॥੪॥(ਅੰਗ 324)*

**ਜਿੰਨ੍ਹੀ ਚਾਖਿਆ ਪ੍ਰੇਮ ਰਸੁ**

**ਸੇ ਤ੍ਰਿਪਤਿ ਰਹੇ ਆਘਾਇ॥**

ਜਿਹੜੇ ਜੀਵਾਂ ਨੇ ਉਸ ਮਾਲਿਕ ਦੇ ਪਿਆਰ ਦਾ, ਬੰਦਗੀ ਦਾ ਰਸ ਚਖ ਲਿਆ ਹੈ ਉਹਨਾਂ ਦੀ ਆਤਮਾ ਤ੍ਰਿਪਤ ਹੋ ਜਾਂਦੀ ਹੈ। ਉਹ ਰਿਸ਼ਤੇਦਾਰ ਜਾਂ ਪਰਿਵਾਰ ਨੂੰ ਲਿਆ ਕੇ ਉਸ ਜਗ੍ਹਾ ਤੇ ਨਹੀਂ ਬਿਠਾਉਂਦੇ। ਅਗਰ ਮਾਲਿਕ ਨੇ ਸਾਡੀ ਯਸ਼ ਕਰਨ ਦੀ ਡਿਊਟੀ ਲਾਈ ਹੈ ਤਾਂ ਮਾਲਿਕ ਨੇ ਸਾਨੂੰ ਵੱਖਰਾ ਘਰ ਬਖਸ਼ਿਆ ਹੈ। ਅਸੀਂ ਉਥੇ ਰਹਿੰਦੇ ਹਾਂ। ਇੱਕ ਹੈੱਡ ਅਤੇ ਪਹਿਰੇਦਾਰ ਹੋਣ ਦੇ ਨਾਤੇ ਇਥੇ ਆ ਕੇ ਬੈਠਦੇ ਹਾਂ। ਅਸੀਂ ਜਦੋਂ ਬਾਹਰਲੇ ਦੇਸ਼ਾਂ ਵਿੱਚ ਜਾਂਦੇ ਹਾਂ ਉੱਥੇ ਵੀ ਜਿੱਥੇ ਸਤਿਸੰਗ ਹੁੰਦਾ ਹੈ ਉਸ ਨਾਲ ਸਾਡਾ ਕੋਈ ਵਾਸਤਾ ਨਹੀਂ ਹੈ। ਹੁਣ ਮਾਲਿਕ ਨੇ ਕਨੇਡਾ, ਅਮਰੀਕਾ ਅਤੇ ਇੰਗਲੈਂਡ ਵਿੱਚ ਵੀ ਸਤਿਸੰਗ ਘਰ ਬਖਸ਼ ਦਿੱਤੇ ਹਨ। ਸੋਈ ਅਗਰ ਸੁਖ ਮਿਲਣਾ ਹੈ ਤਦ ਮਾਲਿਕ ਦੀ ਕਿਰਪਾ ਨਾਲ ਹੀ ਮਿਲਣਾ ਹੈ। ਅਗਰ ਅਸੀਂ ਬੀਮਾਰ ਹੋਏ ਹਾਂ ਤਦ ਅਸੀਂ ਸੋਚਦੇ ਹਾਂ ਕਿ ਜਰੂਰ ਸਾਡੇ ਕੋਲੋਂ ਕੋਈ ਗਲਤੀ ਜਾਂ ਭੁੱਲ ਹੋਈ ਹੋਵੇਗੀ। ਉਝ ਦੁੱਖ ਨਹੀਂ ਆ ਸਕਦਾ। ਦੁੱਖ ਆਉਣਾ ਵੀ ਚੰਗਾ ਹੈ ਕਿਉਂਕਿ

*ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥*

*(ਅੰਗ 469)*

ਜਦੋਂ ਜੀਵ ਨੂੰ ਦੁੱਖ ਆਉਂਦਾ ਹੈ ਫੇਰ ਉਹ ਰੱਬ ਨੂੰ, ਵਾਹਿਗੁਰੂ, ਅੱਲਾਹ, ਗਾਡ, ਰਾਮ ਨੂੰ ਚੇਤੇ ਕਰਦਾ ਹੈ। ਗੁਰਬਾਣੀ ਨੂੰ ਚੇਤੇ ਕਰਦਾ ਹੈ ਫੇਰ ਗੁਰਬਾਣੀ ਉਸ ਉੱਪਰ ਬਖਸ਼ਿਸ਼ ਕਰਦੀ ਹੈ। ਹੋ ਸਕਦਾ ਹੈ ਕਿ ਸਾਡੇ ਕੋਲੋਂ ਸਿਮਰਨ ਘੱਟ ਹੁੰਦਾ ਹੋਵੇ ਤਦ ਬੀਮਾਰ ਹੋਏ ਹਾਂ। ਪਰ ਉਮਰ ਵੀ ਵੱਡੀ ਹੋ ਗਈ ਹੈ ਅਤੇ ਬੀਮਾਰੀ ਵੀ ਬਹੁਤ ਦੇਰ ਤੋਂ ਲੱਗੀ ਹੋਈ ਹੈ। ਸਾਨੂੰ 41-42 ਸਾਲ ਤੋਂ ਹਾਰਟ ਪ੍ਰਾਬਲਮ ਹੈ ਅਤੇ 32 ਸਾਲ ਤੋਂ ਸ਼ੂਗਰ ਪ੍ਰਾਬਲਮ ਹੈ। ਉਹ ਕਰੋਨਿਕ ਬਣ ਚੁੱਕੀਆਂ ਹਨ। ਇਸ ਕਰਕੇ ਉਹ ਕਦੇ ਵਧ ਜਾਂਦੀਆਂ ਹਨ ਕਦੇ ਘਟ ਜਾਂਦੀਆਂ ਹਨ। ਪਰ ਅਸੀਂ ਮਾਲਿਕ ਉੱਪਰ ਭਰੋਸਾ ਰੱਖ ਕੇ ਫੇਰ ਬੈਠ ਕੇ ਯਸ਼ ਸ਼ੁਰੂ ਕਰ ਦਿੰਦੇ ਹਾਂ ਅਤੇ ਮਾਲਿਕ ਕਰਵਾ ਵੀ ਲੈਂਦੇ ਹਨ।

**ਆਪੁ ਤਿਆਗਿ ਬਿਨਤੀ ਕਰਹਿ**

**ਲੇਹੁ ਪ੍ਰਭੂ ਲੜਿ ਲਾਇ॥**

ਅਸੀਂ ਵੀ ਆਪਾ ਛੱਡ ਕੇ ਬੇਨਤੀ ਕਰ ਦਿੰਦੇ ਹਾਂ ਕਿ ਸੱਚੇ ਪਾਤਿਸ਼ਾਹੋ ! ਜਿੰਨਾ ਚਿਰ ਡਿਊਟੀ ਲੈਣੀ ਹੈ ਲੈ ਲਵੋ। ਨਹੀਂ ਤਾਂ ਬੁਲਾ ਲਵੋ ਕਿਉਂਕਿ

*ਆਇਆ ਹਕਾਰਾ ਚਲਣਵਾਰਾ*

*ਹਰਿ ਰਾਮ ਨਾਮਿ ਸਮਾਇਆ॥ (ਅੰਗ 923)*

ਤਥਾ

*ਫਰੀਦਾ ਦਰਿ ਦਰਵਾਜੈ ਜਾਇ ਕੈ*

*ਕਿਉ ਡਿਠੋ ਘੜੀਆਲੁ॥*

*ਏਹੁ ਨਿਦੋਸਾਂ ਮਾਰੀਐ*

*ਹਮ ਦੋਸਾਂ ਦਾ ਕਿਆ ਹਾਲੁ॥ ੩੯॥ (ਅੰਗ 1379)*

ਕਾਲ ਤਾਂ ਬੇਦੋਸ਼ਿਆਂ ਨੂੰ ਲੈ ਜਾਂਦਾ ਹੈ ਫੇਰ ਸਾਡੇ ਵਰਗੇ ਦੋਸ਼ੀਆਂ ਦਾ ਕੀ ਟਿਕਾਣਾ ਹੈ। ਇਸ ਤਰ੍ਹਾਂ ਭਗਤੀ ਮਾਰਗ ਬਹੁਤ ਕਠਿਨ ਹੈ।

*ਸਿਖੀ ਦਾ ਕਮਾਵਣਾ,*

*ਹੱਡਾਂ ਨੂੰ ਰੋਗ ਲਾਵਣਾ, ਜਿਊਂਦਿਆਂ ਮਰ ਜਾਵਣਾ।*

ਤਥਾ

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*

*ਸਿਰੁ ਧਰਿ ਤਲੀ ਗਲੀ ਮੇਰੀ ਆਉ॥*

*ਇਤੁ ਮਾਰਗਿ ਪੈਰੁ ਧਰੀਜੈ॥*

*ਸਿਰੁ ਦੀਜੈ ਕਾਣਿ ਨ ਕੀਜੈ॥ ੨੦॥ (ਅੰਗ 1412)*

ਤਥਾ

*ਸਿਰ ਦਿਤਿਆਂ ਜੇ ਸਤਿਗੁਰ ਮਿਲ ਜਾਏ*

*ਤੋ ਭੀ ਸਸਤਾ ਜਾਣ।*

ਭਗਤੀ ਮਾਰਗ ਬਹੁਤ ਔਖਾ ਮਾਰਗ ਹੈ ਪਰ ਅਸੀਂ ਇਸ ਨੂੰ ਮਖੌਲ ਸਮਝਦੇ ਹਾਂ। ਇਥੇ ਤਾਂ

*ਮਾਂ ਸੁਹਾਗਣ ਮਾਂ ਸੁਖੀ, ਧੀ ਸੁਹਾਗਣ ਧੀ ਸੁਖੀ।*

ਅਗਰ ਮਾਂ ਦਾ ਪਤੀ ਸਿਰ ਤੇ ਹੈ ਤਦ ਉਹ ਸੁਹਾਗਣ ਹੈ। ਅਗਰ ਧੀ ਦਾ ਪਤੀ ਸਿਰ ਤੇ ਹੈ ਤਦ ਉਹ ਸੁਹਾਗਣ ਹੈ।

ਅਸੀਂ ਸੱਚੀ ਗੱਲ ਦੱਸ ਦਿੰਦੇ ਹਾਂ ਕਿ ਜੋ ਵੀ ਮਾਲਿਕ ਨਾਲ ਪਿਆਰ ਕਰਦਾ ਹੈ ਉਸੇ ਨੂੰ ਤਾਕਤ ਦੀ ਪ੍ਰਾਪਤੀ ਹੁੰਦੀ ਹੈ ਅਤੇ ਗੁਰਬਾਣੀ ਉਸੇ ਨੂੰ ਸੁਖ ਪ੍ਰਦਾਨ ਕਰਦੀ ਹੈ।

**ਜੋ ਹਰਿ ਕੰਤਿ ਮਿਲਾਈਆ**

**ਸਿ ਵਿਛੁੜਿ ਕਤਹਿ ਨ ਜਾਇ॥**

ਹਜ਼ੂਰ ਫੁਰਮਾਉਂਦੇ ਹਨ ਕਿ ਸੰਤਾਂ ਨਾਲ ਕਦੇ ਵੀ ਈਰਖਾ, ਦਵੈਤ ਨਾ ਕਰੋ।

*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*

*(ਅੰਗ 134)*

ਤਥਾ

*ਜੋ ਜਨ ਪਾਰਬ੍ਰਹਮਿ ਅਪਨੇ ਕੀਨੇ*

*ਤਿਨ ਕਾ ਬਾਹੁਰਿ ਕਛੁ ਨ ਬੀਚਾਰੇ॥(ਅੰਗ 718)*

ਪਾਰਬ੍ਰਹਮ ਜਿਸ ਉੱਪਰ ਖੁਸ਼ ਹੁੰਦੇ ਹਨ ਉਸ ਬਾਰੇ ਕਦੇ ਨਹੀਂ ਵਿਚਾਰਦੇ ਕਿ ਇਹ ਕੀ ਗਲਤੀ ਕਰਦਾ ਹੈ ਕਿਉਂਕਿ ਉਸ ਨੂੰ ਬ-ਅਖਤਿਆਰ ਕੀਤਾ ਹੁੰਦਾ ਹੈ। ਫੇਰ ਉਸ ਨੂੰ ਉਪਰੋਂ ਜੋ ਹੁਕਮ ਆਉਂਦਾ ਹੈ ਉਹ ਉਹੋ ਹੀ ਕਰਦਾ ਹੈ। ਭਗਤੀ ਮਾਰਗ ਵੀ ਆਰਮੀ ਦੀ ਡਿਊਟੀ ਕਰਨ ਵਾਂਗ ਹੈ। ਆਰਮੀ ਵਿੱਚ ਕਿਹਾ ਜਾਂਦਾ ਹੈ ਕਿ

Duty of a soldier not to make reply, not to reason why but do and die.

ਫੌਜੀ ਆਪਣੇ ਅਫਸਰ ਨੂੰ ਪੁੱਛ ਨਹੀ ਸਕਦਾ ਕਿ ਮੈਨੂੰ ਹਮਲਾ ਕਰਨ ਦਾ ਹੁਕਮ ਕਿਉਂ ਦਿੱਤਾ ਜਾਂ ਮੈਂ ਇੰਝ ਨਹੀਂ ਕਰਨਾ। ਬੱਸ ਅਡਵਾਂਸ ਕਰਕੇ ਦੁਸ਼ਮਣ ਨਾਲ ਲੜਕੇ ਸ਼ਹੀਦੀ ਜਾਂ ਜਿੱਤ ਪ੍ਰਾਪਤ ਕਰਨੀ ਹੀ ਉਸ ਦੀ ਡਿਊਟੀ ਹੁੰਦੀ ਹੈ।

ਇਸੇ ਤਰ੍ਹਾਂ ਹੀ ਭਗਤੀ ਮਾਰਗ ਹੈ। ਜਦੋਂ ਉਸ ਮਾਲਿਕ ਦਾ ਹੁਕਮ ਆਉਣਾ ਹੈ ਉਹ ਸਾਨੂੰ ਮੰਨਣਾ ਪੈਣਾ ਹੈ। ਕੋਈ ਸਾਡਾ ਸਕਾ ਹੋਵੇ, ਨੇੜੀ ਹੋਵੇ ਜਾਂ ਦੂਰ ਦਾ ਹੋਵੇ, ਉਹ ਸਾਨੂੰ ਕਹੇ ਕਿ ਤੁਸੀਂ ਕੱਲ ਆਹ ਕਿਹਾ ਸੀ ਅੱਜ ਆਹ ਕਿਉਂ ਕਹਿ ਰਹੇ ਹੋ, ਅਸੀਂ ਤੁਹਾਨੂੰ ਦੱਸ ਦਿੰਦੇ ਹਾਂ ਕਿ ਅਸੀਂ ਸਾਹਬ ਦੇ ਨੌਕਰ ਹਾਂ ਬਤਾਊਂ ਦੇ ਨੌਕਰ ਨਹੀਂ ਹਾਂ।

ਕਿਸੇ ਨੌਕਰ ਨੇ ਬਤਾਊਂ ਦੀ ਸਬਜੀ ਬਣਾਈ। ਉਸ ਦੇ ਮਾਲਿਕ ਨੇ ਕਿਹਾ ਕਿ ਬਹੁਤ ਸੁਆਦ ਸਬਜੀ ਹੈ। ਨੌਕਰ ਕਹਿਣ ਲੱਗਾ ਕਿ ਸਾਹਬ ਜੀ ਇਹ ਤਾਂ ਸ੍ਰੀ ਕ੍ਰਿਸ਼ਨ ਭਗਵਾਨ ਦਾ ਰੂਪ ਹੈ, ਇਸ ਦੇ ਸਿਰ ਤੇ ਛਤਰ ਹੈ। ਮਾਲਿਕ ਨੇ ਕਿਹਾ ਫੇਰ ਇਹੋ ਸਬਜੀ ਬਣਾ ਲਿਆ ਕਰ। ਅਗਲੇ ਦਿਨ ਮਾਲਿਕ ਕਹਿਣ ਲੱਗਾ ਕਿ ਕਿਹੜੀ ਸਬਜੀ ਬਣਾਈ ਹੈ ਬਿਲਕੁੱਲ ਸਵਾਦ ਨਹੀਂ ਹੈ। ਨੌਕਰ ਕਹਿਣ ਲੱਗਾ ਸਾਹਬ, ਇਹ ਬਤਾਊਂ ਦੀ ਸਬਜੀ ਹੈ, ਇਸ ਨੂੰ ਤਾਂ ਖੋਤੇ ਵੀ ਨਹੀਂ ਖਾਂਦੇ। ਮਾਲਿਕ ਕਹਿਣ ਲੱਗਾ ਓਇ ਤੂੰ ਕੱਲ ਇਸ ਦੀ ਸਿਫ਼ਤ ਕਰ ਰਿਹਾ ਸੀ। ਅੱਜ ਤੈਨੂੰ ਕੀ ਹੋ ਗਿਆ? ਨੌਕਰ ਨੇ ਕਿਹਾ ਸਾਹਬ, ਮੈਂ ਤੁਹਾਡਾ ਨੌਕਰ ਹਾਂ ਬਤਾਊਂ ਦਾ ਨੌਕਰ ਨਹੀਂ ਹਾਂ।

**Monthly GURBANI UPMA Regd. No. RN 42490/87**
**S. G. L. JAN SEWA KENDAR, GARHA, JALANDHAR-144 022.**
**Phones : 0181-5054199, 98760-04507**

ਸੋਈ ਅਸੀਂ ਵੀ ਲੋਕਾਂ ਦੇ ਨੌਕਰ ਨਹੀਂ ਹਾਂ। ਉਸ ਮਾਲਿਕ ਦੇ ਨੌਕਰ ਹਾਂ ਜਾਂ ਜੋ ਜੀਵ ਮਾਲਿਕ ਦੇ ਦਾਸ ਬਣ ਗਏ ਹਨ ਅਸੀਂ ਉਹਨਾਂ ਦੇ ਨੌਕਰ ਹਾਂ।

**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥**

ਭਗਤੀ ਮਾਰਗ ਵਿੱਚ ਰਹਿੰਦਿਆਂ ਹੋਇਆਂ ਕੋਈ ਪ੍ਰੈਜੀਡੈਂਟ, ਪ੍ਰਾਈਮ ਮਨਿਸਟਰ, ਚੀਫ਼ ਮਨਿਸਟਰ, ਕੋਈ ਮਨਿਸਟਰ, ਅਫਸਰ ਆਦਿ ਕੋਈ ਨਹੀਂ ਹੈ। ਜਦੋਂ ਅਸੀਂ ਨੌਕਰੀ ਤੋਂ ਅਸਤੀਫਾ ਦਿੱਤਾ ਤਾਂ ਸਾਨੂੰ ਕਈ ਪੁੱਛਣ ਕੀ ਤੇਰੀ ਪ੍ਰਾਈਮ ਮਨਿਸਟਰ, ਚੀਫ਼ ਮਨਿਸਟਰ ਜਾਂ ਪ੍ਰੈਜੀਡੈਂਟ ਦੀ ਸਿਫਾਰਸ਼ ਹੈ। ਅਸੀਂ ਕਿਹਾ ਨਹੀ, ਇਸ ਤੋਂ ਅੱਗੇ ਦੀ ਸਿਫਾਰਸ਼ ਹੈ। ਉਹ ਕਹਿਣ ਲੱਗੇ ਇਸ ਤੋਂ ਅੱਗੇ ਕੋਈ ਆਹੁਦਾ ਹੀ ਨਹੀਂ ਹੈ। ਅਸੀਂ ਕਿਹਾ ਜਿਸ ਤਾਕਤ ਨੇ ਇਹਨਾ ਸਾਰਿਆਂ ਨੂੰ ਅਹੁਦੇ ਬਖਸ਼ੇ ਹਨ ਉਹ ਮੇਰੇ ਯਾਰ ਹਨ। ਉਸ ਬਾਰੇ ਹਜ਼ੂਰ ਪੰਜਵੇਂ ਪਾਤਿਸ਼ਾਹ ਜੀ ਨੇ ਕਿਹਾ ਹੈ ਕਿ

*ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥*
*(ਅੰਗ 703)*

ਹਜ਼ੂਰ ਦਸਵੇਂ ਪਾਤਿਸ਼ਾਹ ਜੀ ਨੇ ਵੀ ਉਸ ਤਾਕਤ ਬਾਰੇ ਫੁਰਮਾਨ ਕੀਤਾ ਹੈ ਕਿ

*ਯਾਰੜੇ ਦਾ ਸਥਰ ਚੰਗਾ ਭੱਠ ਖੇੜਿਆਂ ਦਾ ਰਹਿਣ।*

ਤਥਾ

*ਜਿਸ ਦਾ ਸਾਹਿਬੁ ਡਾਢਾ ਹੋਇ॥*
*ਤਿਸ ਨੋ ਮਾਰਿ ਨ ਸਾਕੈ ਕੋਇ॥ (ਅੰਗ 842)*

ਤਥਾ

*ਹੇਠਾ ਨਾਦਿਰ ਉਤੇ ਕਾਦਿਰ।*

ਨਦਿਰ ਸ਼ਾਹ ਨੇ ਬਹੁਤ ਜੁਲਮ ਕੀਤਾ ਸੀ ਪਰ ਕਾਦਿਰ ਤਾਕਤ ਉਸ ਤੋਂ ਵੀ ਉੱਪਰ ਹੈ। ਇਸ ਕਰਕੇ ਗੁਰਬਾਣੀ ਦੀ ਕਸਵੱਟੀ ਉੱਪਰ ਚੱਲਣਾ ਬਹੁਤ ਔਖਾ ਹੈ। ਪਰ ਗੁਰਬਾਣੀ ਬਹੁਤ ਦਿਆਲੂ, ਕਿਰਪਾਲੂ ਅਤੇ ਮਿਹਰਵਾਨ ਵੀ ਹੈ ਕਿ ਉਸ ਵਰਗਾ ਹੋਰ ਕੋਈ ਸ਼ਹਿਨਸ਼ਾਹ ਨਹੀਂ ਹੋ ਸਕਦਾ।

**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥ ੮॥**

ਜਿਹੜੇ ਜੀਵਾਂ ਉਪਰ ਹਜ਼ੂਰ ਦੀ ਇੱਕ ਵਾਰ ਮਇਆ ਅਰਥਾਤ ਮਿਹਰ ਹੋ ਜਾਂਦੀ ਹੈ ਉਹ ਸਦਾ ਸੁਖੀ ਵੱਸਦੇ ਹਨ ਕਿਉਂਕਿ

*ਜੋ ਕੀਆ ਸੋ ਕੀਆ, ਜੋ ਦੀਆ ਸੋ ਦੀਆ*
*ਇਕ ਬਾਤ ਸੰਤੋਂ ਮੇਂ ਹੈ।*
*ਗਰਜੇਂ ਤੋ ਘੋਰ, ਬਰਸੇਂ ਨਾ ਬੂੰਦ*
*ਜਿਹ ਫਰੇਬ ਮੇਘੋਂ ਮੇਂ ਹੈ।*

ਬੱਦਲ ਗਰਜ ਕੇ ਲੰਘ ਸਕਦੇ ਹਨ ਪਰ ਸਾਧੂ ਦੇ ਬਚਨ ਨਹੀਂ ਮੁੜ ਸਕਦੇ।

ਹਜ਼ੂਰ ਕਿਰਪਾ ਕਰਨ। ਅੱਸੂ ਦਾ ਮਹੀਨਾ ਮੰਗਲਵਾਰ ਦਾ ਦਿਨ ਹਜ਼ੂਰ ਖੁਸ਼ੀਆਂ ਭਰਿਆ ਬਿਤਾਉਣ। ਪਰਿਵਾਰਾਂ ਵਿੱਚ ਸੁਖ ਸ਼ਾਂਤੀ, ਖੇੜੇ, ਇਤਿਫ਼ਾਕ, ਚੜ੍ਹਦੀ ਕਲਾ, ਕਾਰੋਬਾਰਾਂ ਵਿੱਚ ਵਾਧੇ, ਨਾਮ ਦੀ ਦਾਤ ਬਖਸ਼ਦਿਆਂ ਹੋਇਆਂ ਹਜ਼ੂਰ ਨੇ ਸੰਗਤ ਨੂੰ ਜਿਸ ਤਰ੍ਹਾਂ ਗੁਰਬਾਣੀ ਦੀ ਸ਼ਰਨ ਬਖਸ਼ੀ ਹੈ ਇਸੇ ਤਰ੍ਹਾਂ ਬਖਸ਼ੀ ਰੱਖਣ।

ਜੋ ਸੰਗਤ ਵਿਦੇਸ਼ਾਂ ਵਿੱਚ ਹੋਣ ਕਰਕੇ ਜਾਂ ਸੇਵਾ ਵਿੱਚ ਲੱਗੀ ਹੋਣ ਕਰਕੇ ਨਹੀਂ ਆ ਸਕੀ ਹਜ਼ੂਰ ਸਭ ਦੀਆਂ ਹਾਜਰੀਆਂ ਕਬੂਲ ਕਰਕੇ ਸਭ ਨੂੰ ਖੁਸ਼ੀਆਂ ਖੇੜੇ ਬਖਸ਼ਣ।

*ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ* ***ਬਾਬਾ ਕਸ਼ਮੀਰਾ ਸਿੰਘ*** *ਨੇ ਕਪੂਰ ਲੇਜ਼ਰ ਗ੍ਰਾਫਿਕਸ ਤੋਂ ਟਾਈਪ ਸੈਟਿੰਗ ਕਰਵਾ ਕੇ ਬ੍ਰਾਇਟ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ ਐੱਸ. ਜੀ. ਐੱਲ. ਜਨ ਸੇਵਾ ਕੇਂਦਰ, ਗੜ੍ਹਾ, ਜਲੰਧਰ-144022 ਤੋਂ ਪ੍ਰਕਾਸ਼ਿਤ ਕੀਤਾ।*
ਫੋਨ : 0181-5054199, 98760-04507
www.sglchhosp.org

***ਐਡੀਟਰ :*** **ਮਹਿੰਦਰ ਸਿੰਘ ਪਰਵਾਨਾ** **ਜਿਲਦ-31 ਅੰਕ 7** **ਸਤੰਬਰ : 2019** **ਕੀਮਤ : 8 ਰੁਪੈ**